Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
More info Call us or Whatsapp:
+91-988881 88887, 988882 88887
weddingsea@gmail.com
SEA DESIGN COMPANY

ਰੋਜ਼ਾਨਾ
# ਸ਼ਹੀਦ-ਏ-ਆਜ਼ਮ
SHAHEED-E-AZAM, DAILY PUNJABI NEWSPAPER, PATIALA
ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ

Shaheed-e-Azam
PRINTING PRESS
Customized and Designer
- Wedding Invitations
- Wedding Boxes
(MDF/Acrylic/Folding)
- Shagan Envelop
- Sahi Chithi
98881-88887

PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 Issue : 107 Chief Editor : Chowdhary Prabhjit Singh, Editor : Chhatarpal Singh 98146-32807, Sunday 11 October 2026 Price : 2 Rs. Page : 6

## ਦੇਸ਼ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਹੋਣਗੀਆਂ: ਨਿਤਿਨ ਨਬਿਨ ਦਾ ਵਿਰੋਧੀ ਧਿਰ 'ਤੇ ਨਿਸ਼ਾਨਾ

ਨਵੀਂ ਦਿੱਲੀ, 10 ਅਕਤੂਬਰ, 2026
(ਸ਼ਹੀਦ–ਏ–ਆਜ਼ਮ ਬਿਓਰੋ)



ਅਦਾਲਤ ਨੇ ਲੁਕ...
ਨਬਿਨ ਨੇ ਵਿਰੋਧੀ ਧਿਰ 'ਤੇ ਦੇਸ਼ ਵਿੱਚ ਅਸਥਿਰਤਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕਤੰਤਰ ਅਤੇ ਦੇਸ਼ ਦੀ ਤਰੱਕੀ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣਗੀਆਂ।

ਨਬਿਨ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਅਰਵਿੰਦ ਕੇਜਰੀਵਾਲ ਦੇ ਸਾਥੀਆਂ 'ਤੇ ਨਿਸ਼ਾਨਾ ਸਾਧਦਿਆਂ ਦੋਸ਼ ਲਗਾਇਆ ਕਿ ਵਿਰੋਧੀ ਧਿਰ ਦੇ ਕੁਝ ਸਮੂਹ ਆਪਣੇ ਸਿਆਸੀ ਹਿੱਤਾਂ ਲਈ ਦੇਸ਼ ਵਿੱਚ ਅਸਥਿਰਤਾ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਜਨਤਾ ਦੇ ਫੈਸਲੇ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਸ ਤੋਂ ਸਬਕ ਲੈਣਾ ਚਾਹੀਦਾ ਹੈ।

ਭਾਜਪਾ ਆਗੂ ਨੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਦੀਆਂ ਅਜਿਹੀਆਂ ਕੋਸ਼ਿਸ਼ਾਂ ਦੇ ਪਿੱਛੇ ਸਿਆਸੀ ਮਨੋਰਥ ਹਨ ਅਤੇ ਉਨ੍ਹਾਂ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਹੇਠ ਕੰਮ ਕਰਨ ਦੇ ਦੋਸ਼ ਵੀ ਲਗਾਏ। ਹਾਲਾਂਕਿ, ਇਨ੍ਹਾਂ ਦੋਸ਼ਾਂ ਦੇ ਸਮਰਥਨ ਵਿੱਚ ਕੋਈ ਖ਼ਾਸ ਸਬੂਤ ਪੇਸ਼ ਨਹੀਂ ਕੀਤਾ ਗਿਆ।



ਨਬਿਨ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਕਈ ਸੰਕਟਾਂ ਦੇ ਬਾਵਜੂਦ ਭਾਰਤ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਉਨ੍ਹਾਂ ਮੁਤਾਬਕ ਦੇਸ਼ ਦੀ ਆਰਥਿਕ ਤਰੱਕੀ, ਵਿਕਾਸ ਅਤੇ ਆਤਮ-ਨਿਰਭਰਤਾ ਕੁਝ ਸਿਆਸੀ ਧਿਰਾਂ ਨੂੰ ਰਾਸ ਨਹੀਂ ਆ ਰਹੀ।

ਉਨ੍ਹਾਂ ਭਰੋਸਾ ਜਤਾਇਆ ਕਿ ਭਾਰਤੀ ਲੋਕਤੰਤਰ ਮਜ਼ਬੂਤ ਹੈ ਅਤੇ ਦੇਸ਼ ਦੇ ਲੋਕ ਕਿਸੇ ਵੀ ਅਜਿਹੀ ਕੋਸ਼ਿਸ਼ ਨੂੰ ਸਫਲ ਨਹੀਂ ਹੋਣ ਦੇਣਗੇ, ਜਿਸ ਨਾਲ ਦੇਸ਼ ਦੀ ਏਕਤਾ, ਸ਼ਾਂਤੀ ਅਤੇ ਸਥਿਰਤਾ ਨੂੰ ਨੁਕਸਾਨ ਪਹੁੰਚੇ।

## ਦਿੱਲੀ ਜੰਤਰ-ਮੰਤਰ ਵਿਖੇ CJP ਦਾ ਪ੍ਰਦਰਸ਼ਨ ਪੁਲਿਸ ਦੀ ਸਖ਼ਤ ਕਾਰਵਾਈ ਕੇਜਰੀਵਾਲ, ਮਮਤਾ ਬੈਨਰਜੀ ਤੇ TMC ਸੰਸਦ ਮੈਂਬਰ ਹਿਰਾਸਤ 'ਚ

ਨਵੀਂ ਦਿੱਲੀ: 10 ਅਕਤੂਬਰ, 2026
ਸ਼ਹੀਦ–ਏ–ਆਜ਼ਮ ਬਿਓਰੋ

ਦਿੱਲੀ ਦੇ ਜੰਤਰ-ਮੰਤਰ ਵਿਖੇ ਵਿਰੋਧ ਪ੍ਰਦਰਸ਼ਨ ਕਰਨ ਜਾ ਰਹੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਦਿੱਲੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ।





ਇਸ ਦੇ ਨਾਲ ਹੀ ਤ੍ਰਿਣਮੂਲ ਕਾਂਗਰਸ (TMC) ਦੇ ਕਈ ਸੰਸਦ ਮੈਂਬਰਾਂ ਨੂੰ ਵੀ ਪੁਲਿਸ ਨੇ ਆਪਣੀ ਹਿਰਾਸਤ ਵਿੱਚ ਲਿਆ ਹੈ।
ਦਿੱਲੀ ਪੁਲਿਸ ਵਲੋਂ ਚਲਾਈ ਗਈ ਇਸ ਵਿਆਪਕ ਕਾਰਵਾਈ ਦੌਰਾਨ ਜੰਤਰ-ਮੰਤਰ, ਕਨਾਟ ਪਲੇਸ, ਮਿੰਟੋ ਬ੍ਰਿਜ ਅਤੇ ਆਲੇ-ਦੁਆਲੇ ਦੇ ਖੇਤਰਾਂ ਤੋਂ ਹੁਣ ਤੱਕ 1,000 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ।
ਹਵਾਈ ਜਹਾਜ਼ ਦੇ ਅੰਦਰੋਂ ਹੀ ਸੀ.ਜੇ.ਪੀ. ਆਗੂ ਕਾਬੂ : ਮੁੰਬਈ ਤੋਂ ਦਿੱਲੀ ਪਹੁੰਚੇ 'ਕੋਕਰੋਚ ਜਨਤਾ



ਪਾਰਟੀ' (CJP) ਦੇ ਸੰਸਥਾਪਕ ਅਭਿਜੀਤ ਦੀਪਕੇ ਨੂੰ ਹਵਾਈ ਅੱਡੇ 'ਤੇ ਜਹਾਜ਼ ਦੇ ਅੰਦਰੋਂ ਹੀ ਦਿੱਲੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਪੁਲਿਸ ਟੀਮ ਨੇ ਉਨ੍ਹਾਂ ਦੇ ਨਾਲ ਮੌਜੂਦ CJP ਆਗੂਆਂ ਸੌਰਵ ਦਾਸ ਅਤੇ ਆਸ਼ੂਤੋਸ਼ ਰੰਕਾ ਨੂੰ ਵੀ ਆਪਣੇ ਨਾਲ ਲੈ ਲਿਆ।

ਰਾਜਧਾਨੀ ਵਿੱਚ ਸੁਰੱਖਿਆ ਦੇੜਾਂ ਨੂੰ ਮਜ਼ਬੂਤ ਕਰਦਿਆਂ ਵੱਖ-ਵੱਖ ਇਲਾਕਿਆਂ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ।

## ਮਾਨ ਸਰਕਾਰ ਪਾਰਦਰਸ਼ੀ ਢੰਗ ਤੇ ਮੈਰਿਟ ਆਧਾਰ 'ਤੇ ਦੇ ਰਹੀ ਹੈ ਰੋਜ਼ਗਾਰ ਹਲਕਾ ਸਨੌਰ ਦੇ ਪਿੰਡਾਂ ਦੀਆਂ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਮਿਲੇ ਹਡਾਣਾ

ਸਨੌਰ, 10 ਅਕਤੂਬਰ, 2026
(ਪਟਵਾਰੀ ਸੰਧੂ) :

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਤੇ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਅਤੇ ਪਿੰਡਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਦੇ ਮਕਸਦ ਤਹਿਤ ਹਲਕਾ ਸਨੌਰ ਵਿਖੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਮੈਰਿਟ ਅਧਾਰ 'ਤੇ ਚੁਣੀਆਂ ਗਈਆਂ ਆਂਗਣਵਾੜੀ ਵਰਕਰਾਂ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਗੁਰਪ੍ਰੀਤ ਸਿੰਘ, ਬਲਾਕ ਪ੍ਰਧਾਨ, ਦਵਿੰਦਰ ਸਿੰਘ ਮਾੜੂ ਅਤੇ ਹੋਰ ਆਪ ਆਗੂ ਵਿਸ਼ੇਸ਼ ਤੌਰ ਤੇ ਮੌਜੂਦ ਸਨ.





ਮੁਬਾਰਕਬਾਦ ਹਾਸਲ ਕਰਨ ਵਾਲੀਆਂ ਵਿੱਚ ਬਡਲਾ ਤੋਂ ਸਿਮਰਨਜੀਤ ਕੌਰ, ਬਹਾਦਰਪੁਰ ਨਮਕ ਗਿਰਾ ਤੋਂ ਲਕਸ਼ਮੀ ਸ਼ਰਮਾ, ਹਰੀਗੜ੍ਹ ਤੋਂ ਅਮਨਜੋਤ ਕੌਰ, ਕਪੂਰੀ ਤੋਂ ਸੁਧਾ ਦੇਵੀ, ਕਰਤਾਰਪੁਰ ਤੋਂ ਸੀਮਾ, ਲਹਿਲ ਜਗੀਰ ਤੋਂ ਨਵਨੀਤ ਕੌਰ, ਮਸਿੰਗਣ ਤੋਂ ਸਰਬਜੀਤ ਕੌਰ, ਨੀਸ਼ਾ ਰਾਣੀ, ਮੋਹਲਗੜ੍ਹ ਤੋਂ ਪ੍ਰਿਅੰਕਾ, ਰੋਸ਼ਨਪੁਰ ਤੋਂ ਰਜਨੀ ਸੈਣੀ, ਰੁੜਕੀ ਬੁੱਧ ਸਿੰਘ ਤੋਂ ਰਮਨ ਕੌਰ, ਸੁਖਤੀਗੜ੍ਹ ਤੋਂ ਅਵਨੀਤ ਕੌਰ, ਸੇਰਗੜ੍ਹ ਤੋਂ ਪਲਕਦੀਪ ਅਤੇ ਟਾਂਡਾ ਤੋਂ ਮਨਪ੍ਰੀਤ ਕੌਰ ਸ਼ਾਮਲ ਹਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਕਿਹਾ ਕਿ ਮਾਨ ਸਰਕਾਰ ਬਿਨਾਂ ਕਿਸੇ ਸਿਫ਼ਾਰਸ਼ ਜਾਂ ਰਿਸ਼ਵਤ ਦੇ ਨਿਰੋਲ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦੇ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਸਾਰੀਆਂ ਵਰਕਰਾਂ ਪਿੰਡਾਂ ਦੇ ਛੋਟੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਸੰਭਾਲ ਤੇ ਪੋਸ਼ਣ ਨਾਲ ਜੁੜੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੀਆਂ।

ਨਵ-ਨਿਯੁਕਤ ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਇਸ ਪਾਰਦਰਸ਼ੀ ਭਰਤੀ ਲਈ ਪੰਜਾਬ ਸਰਕਾਰ ਅਤੇ ਹਲਕਾ ਇੰਚਾਰਜ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।

## ਜਗਤਾਰ ਸਿੰਘ ਹਵਾਰਾ ਵਲੋਂ ਬਿਮਾਰ ਮਾਂ ਨੂੰ ਮਿਲਣ ਲਈ 1 ਦਿਨ ਦੀ ਪੈਰੋਲ ਲਈ ਸਹਿਮਤੀ



ਦਿੱਲੀ, 10 ਅਕਤੂਬਰ, 2026
(ਗੁਰਮੀਤ ਸਿੰਘ ਤੁੰਗ)

ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਆਪਣੀ ਬਜ਼ੁਰਗ ਅਤੇ ਅਤਿ ਬਿਮਾਰ ਮਾਤਾ (ਨਰਿੰਦਰ ਕੌਰ) ਨੂੰ ਮਿਲਣ ਲਈ 1 ਦਿਨ ਦੀ ਪੈਰੋਲ ਲੈਣ ਵਾਸਤੇ ਸਹਿਮਤ ਹੋ ਗਏ ਹਨ।

ਉਨ੍ਹਾਂ ਦੀ ਮਾਤਾ ਦੀ ਵਿਗੜਦੀ ਸਿਹਤ ਨੂੰ ਦੇਖਦਿਆਂ ਪਰਿਵਾਰ ਅਤੇ ਕੌਮੀ ਇਨਸਾਫ਼ ਮੋਰਚੇ ਦੀ ਤਾਲਮੇਲ ਕਮੇਟੀ ਵੱਲੋਂ ਹਵਾਰਾ ਨੂੰ ਇੱਕ ਦਿਨ ਦੀ ਪੈਰੋਲ ਸਵੀਕਾਰ ਕਰਨ ਦੀ ਅਪੀਲ ਕੀਤੀ ਗਈ ਸੀ।

ਪੰਜਾਬ ਸਰਕਾਰ ਦੀ ਸਿਫ਼ਾਰਸ਼: ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਲਈ 10 ਦਿਨਾਂ ਦੀ ਪੈਰੋਲ ਦੀ ਸਿਫ਼ਾਰਸ਼ ਕੀਤੀ ਸੀ, ਪਰ ਸੁਰੱਖਿਆ ਤੇ ਤਕਨੀਕੀ ਕਾਰਨਾਂ ਕਰਕੇ ਉਹ ਸਿਫ਼ਾਰਸ਼ ਅੰਤਿਮ ਰੂਪ ਨਹੀਂ ਲੈ ਸਕੀ ਸੀ।

**ਸੁਰੱਖਿਆ ਤੇ ਸਮਾਂ:** ਹਵਾਰਾ ਨੂੰ ਆਪਣੀ ਮਾਤਾ ਅਤੇ ਪਰਿਵਾਰ ਨਾਲ ਮੁਲਾਕਾਤ ਲਈ ਲਗਭਗ 7 ਤੋਂ 8 ਘੰਟੇ ਦਾ ਸਮਾਂ ਮਿਲ ਸਕਦਾ ਹੈ (ਜਿਸ ਵਿੱਚ ਦਿੱਲੀ ਤੋਂ ਪੰਜਾਬ ਆਉਣ-ਜਾਣ ਦਾ ਸਮਾਂ ਸ਼ਾਮਲ ਨਹੀਂ ਹੋਵੇਗਾ)।

ਲਿਖਤੀ ਹੁਕਮਾਂ ਦੀ ਉਡੀਕ: ਫਿਲਹਾਲ ਇਹ ਸਹਿਮਤੀ ਜ਼ੁਬਾਨੀ ਤੌਰ 'ਤੇ ਸਾਹਮਣੇ ਆਈ ਹੈ; ਅਜੇ ਤੱਕ ਪੈਰੋਲ ਦੇ ਲਿਖਤੀ ਹੁਕਮ ਅਤੇ ਮੁਲਾਕਾਤ ਦੀ ਪੱਕੀ ਤਾਰੀਖ਼ ਦਾ ਰਸਮੀ ਐਲਾਨ ਹੋਣਾ ਬਾਕੀ ਹੈ।

## ਸਿਹਤ ਮੰਤਰੀ ਵੱਲੋਂ ਥਾਪਰ ਯੂਨੀਵਰਸਿਟੀ ਵਿਖੇ 'ਯੰਗ ਮਾਈਂਡ ਫੈਸਟੀਵਲ 2026' ਵਿੱਚ ਸ਼ਿਰਕਤ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ,ਪ੍ਰਤਿਭਾ ਨਿਖਾਰਨ ਲਈ ਉਪਰਾਲੇ : ਡਾ. ਬਲਬੀਰ ਸਿੰਘ

ਪਟਿਆਲਾ, 10 ਅਕਤੂਬਰ, 2026
(ਗੁਰਮੀਤ ਸਿੰਘ ਤੁੰਗ)

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਥਾਪਰ ਯੂਨੀਵਰਸਿਟੀ ਪਟਿਆਲਾ ਵਿਖੇ ਨੌਜਵਾਨ ਵਿਦਿਆਰਥੀਆਂ ਲਈ ਕਰਵਾਏ ਜਾ ਰਹੇ ਦੋ ਰੋਜ਼ਾ 'ਯੰਗ ਮਾਈਂਡ ਫੈਸਟੀਵਲ 2026' ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ, ਉਨ੍ਹਾਂ ਵਿੱਚ ਸਿਰਜਣਾਤਮਕ ਸੋਚ ਵਿਕਸਿਤ ਕਰਨ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।





ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵੱਖ-ਵੱਖ ਪਿਛੋਕੜਾਂ ਤੋਂ ਆਏ ਵਿਦਿਆਰਥੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਸਿੱਖਣ, ਨਵੇਂ ਹੁਨਰ ਹਾਸਲ ਕਰਨ ਅਤੇ ਇੱਕ-ਦੂਜੇ ਦੇ ਤਜਰਬਿਆਂ ਤੋਂ ਸਿੱਖਣ ਦਾ ਮੌਕਾ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਵਿਗਿਆਨ, ਗਣਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣਾ ਵੀ ਬਹੁਤ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਅੰਦਰ ਆਤਮ-ਵਿਸ਼ਵਾਸ, ਟੀਮ ਭਾਵਨਾ, ਸਹਿਯੋਗ ਅਤੇ ਨਵੀਆਂ ਚੀਜ਼ਾਂ ਸਿੱਖਣ ਦੀ ਰੁਚੀ ਨੂੰ ਉਤਸ਼ਾਹਿਤ ਕਰਦੇ ਹਨ। ਵੱਖ-ਵੱਖ ਗਤੀਵਿਧੀਆਂ ਰਾਹੀਂ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਆਪਣੀਆਂ ਸਮਰੱਥਾਵਾਂ ਨੂੰ ਪਛਾਣਨ ਦਾ ਮੌਕਾ ਮਿਲਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਦੇ ਬੌਧਿਕ, ਸਰੀਰਕ ਅਤੇ ਸਮਾਜਿਕ ਵਿਕਾਸ ਲਈ ਅਜਿਹੇ ਮੰਚਾਂ ਦੀ ਅਹਿਮ ਭੂਮਿਕਾ ਹੈ। ਇਹ ਪ੍ਰੋਗਰਾਮ ਬੱਚਿਆਂ ਵਿੱਚ ਆਪਸੀ ਸਤਿਕਾਰ, ਮਿਲਵਰਤਣ ਅਤੇ ਸਾਂਝੀਵਾਲਤਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੀ ਤਿਆਰ ਕਰਦੇ ਹਨ।

ਉਨ੍ਹਾਂ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਇਸ ਸ਼ਲਾਘਾਯੋਗ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਅਤੇ ਨਵੇਂ ਹੁਨਰ ਸਿੱਖਣ ਲਈ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣਾ ਸਮੇਂ ਦੀ ਲੋੜ ਹੈ।



## ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਣ 'ਤੇ ਟਰੰਪ ਨਾਰਾਜ਼,

ਵਾਸ਼ਿੰਗਟਨ, 10 ਅਕਤੂਬਰ, 2026
(ਸ਼ਹੀਦ–ਏ–ਆਜ਼ਮ ਬਿਓਰੋ)



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2026 ਦਾ ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਣ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਨਾਰਵੇ ਦੀ ਸਖ਼ਤ ਆਲੋਚਨਾ ਕੀਤੀ ਹੈ। 9 ਅਕਤੂਬਰ ਨੂੰ ਨਿਊਯਾਰਕ ਦੇ ਸਿਰਾਕਿਊਜ਼ ਵਿੱਚ ਇੱਕ ਰੈਲੀ ਦੌਰਾਨ ਟਰੰਪ ਨੇ ਪੁਰਸਕਾਰ ਨਾ ਮਿਲਣ ਦੇ ਫ਼ੈਸਲੇ ਨੂੰ "ਨਾਰਵੇ ਦੇ ਮੱਥੇ 'ਤੇ ਨਾ ਮਿਟਣ ਵਾਲਾ ਦਾਗ਼" ਕਰਾਰ ਦਿੱਤਾ ਅਤੇ ਕਿਹਾ ਕਿ ਇਹ ਫ਼ੈਸਲਾ ਸ਼ਰਮਨਾਕ ਹੈ। ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਈ ਅੰਤਰਰਾਸ਼ਟਰੀ ਟਕਰਾਅ ਖ਼ਤਮ ਕਰਨ ਅਤੇ ਜੰਗਾਂ ਰੋਕਣ ਵਿੱਚ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਨੋਬਲ ਪੁਰਸਕਾਰ ਕਮੇਟੀ 'ਤੇ ਵੀ ਸਵਾਲ ਚੁੱਕੇ ਅਤੇ ਕਿਹਾ ਕਿ ਇਸ ਫ਼ੈਸਲੇ ਨਾਲ ਪੁਰਸਕਾਰ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਿਆ ਹੈ। ਹਾਲਾਂਕਿ, ਟਰੰਪ ਵੱਲੋਂ ਜੰਗਾਂ ਖ਼ਤਮ ਕਰਨ ਵਿੱਚ ਆਪਣੀ ਭੂਮਿਕਾ ਸਬੰਧੀ ਕੀਤੇ ਗਏ ਕਈ ਦਾਅਵਿਆਂ 'ਤੇ ਵਿਵਾਦ ਰਿਹਾ ਹੈ। ਇਸ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਦੱਖਣੀ ਅਫ਼ਰੀਕਾ ਦੀ ਕਾਨੂੰਨਦਾਨ ਅਤੇ ਸੰਯੁਕਤ ਰਾਸ਼ਟਰ ਦੀ ਸਾਬਕਾ ਮਨੁੱਖੀ ਅਧਿਕਾਰ ਮੁਖੀ ਨਵੀ ਪਿੱਲੇ ਨੂੰ ਦਿੱਤਾ ਗਿਆ ਹੈ। ਪਿੱਲੇ ਨੇ ਜੰਗੀ ਅਪਰਾਧਾਂ ਅਤੇ ਮਨੁੱਖੀ ਅਧਿਕਾਰਾਂ ਦੀ ਜਵਾਬਦੇਹੀ ਨਾਲ ਜੁੜੇ ਕੰਮਾਂ ਵਿੱਚ




ਰੋਜ਼ਾਨਾ
ਸ਼ਹੀਦ-ਏ-ਆਜ਼ਮ
Shaheedeazamnews.com
SHAHEEDEAZAMNEWS.COM PRINT & DIGITAL MEDIA
शहीद-ए-आजम
Shaheedeazamnewsnational.com

ਅਦਾਰਾ ਸ਼ਹੀਦ-ਏ-ਆਜ਼ਮ ਵੱਲੋਂ ਗੁ: ਸਿੰਘ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਅਰਬਨ ਅਸਟੇਟ ਫੇਜ਼-2, ਪਟਿਆਲਾ ਵਿਖੇ ਚਲ ਰਹੇ ਰੋਜਾਨਾ ਗੁਰਮਤਿ ਸਮਾਗਮ ਲਾਈਵ ਦੇਖੋ

ਗੁਰੂ ਗੋਬਿੰਦ ਸਿੰਘ ਪ੍ਰੀਵਾਰ ਸੰਸਥਾ ਦੇ ਅਨਾਥ ਬੱਚਿਆਂ ਵੱਲੋਂ ਗੁਰਬਾਣੀ ਦੇ 25-30 ਰਾਗਾਂ ਵਿਚ
ਅਨੰਦਮਈ ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਕੀਰਤਨ ਸਵੇਰੇ 5:30 ਵਜੇ
ਸੰਧਿਆ ਸਮੇਂ ਕਥਾ: ਪ੍ਰਾਚੀਨ ਪੰਥ ਪ੍ਰਕਾਸ਼ ਸ਼ਾਮ 6 ਵਜੇ ਸਿੱਖ ਪੰਥ ਦੇ ਮਹਾਨ ਕਥਾਕਾਰ ਗਿਆਨੀ ਪ੍ਰਿਤਪਾਲ ਸਿੰਘ ਜੀ ਦੇ ਪਰਮ ਸੇਵਕ: ਭਾਈ ਬਲੀ ਸਿੰਘ ਜੀ ਵੱਲੋਂ
ਰਹਿਰਾਸ ਸਾਹਿਬ, ਆਰਤੀ ਅਤੇ ਕੀਰਤਨ ਸ਼ਾਮ 7:00 ਵਜੇ

YOUTUBE | WHATSAPP | THREAD | Twitter X | TELEGRAM | INSTAGRAM | FACEBOOK | E-Paper Shaheed-e-Azam

ਅਦਰਾ ਸ਼ਹੀਦ-ਏ-ਆਜ਼ਮ 1982 ਤੋਂ ਸੱਚੀ, ਨਿਰਪੱਖ ਤੇ ਜ਼ਿੰਮੇਵਾਰ ਪੱਤਰਕਾਰਤਾ ਰਾਹੀਂ ਲੋਕਾਂ ਦੀ ਆਵਾਜ਼ ਬਣਿਆ ਹੋਇਆ ਹੈ। ਚੌਧਰੀ ਪ੍ਰਭਜੀਤ ਸਿੰਘ ਵੱਲੋਂ ਸਥਾਪਿਤ ਇਹ ਮੀਡੀਆ ਸੰਸਥਾ ਅੱਜ ਪ੍ਰਿੰਟ ਅਤੇ ਸ਼ੋਸਲ ਮੀਡੀਆ, ਡਿਜ਼ੀਟਲ ਪਲੇਟਫਾਰਮ ਰਾਹੀਂ ਪੰਜਾਬ, ਭਾਰਤ ਅਤੇ ਵਿਦੇਸ਼ਾਂ ਤਕ ਗੁਰਬਾਣੀ, ਖ਼ਬਰਾਂ, ਲੋਕ ਭਲਾਈ ਦੇ ਮੁੱਦੇ, ਲੋਕਾਂ ਤੱਕ ਨਿਰੰਤਰ ਪਹੁੰਚਾ ਰਿਹਾ ਹੈ।

# ਸੰਪਾਦਕੀ

## ਬਾਦਸ਼ਾਹਤ ਤਖ਼ਤੋ-ਤਾਜ਼ ਦੀ ਨਹੀਂ ਮੁਹਤਾਜ਼, ਸ਼ਾਹਾਨਾ ਕਿਰਦਾਰ ਰੂਹ ਦਾ ਮਿਜ਼ਾਜ਼

ਇਨਸਾਨ ਦੀ ਅਸਲ ਔਕਾਤ ਉਸ ਥਾਂ ਤੋਂ ਨਹੀਂ ਤੈਅ ਹੁੰਦੀ, ਜਿੱਥੇ ਉਹ ਬੈਠਦਾ ਹੈ, ਸਗੋਂ ਉਸ ਸੋਚ ਤੋਂ ਹੁੰਦੀ ਹੈ, ਜਿਸ ਨਾਲ ਉਹ ਆਪਣੀ ਹੋਂਦ ਨੂੰ ਪਰਿਭਾਸ਼ਿਤ ਕਰਦਾ ਹੈ। ਮਹਿਲਾਂ ਵਿੱਚ ਵੱਸਣ ਨਾਲ ਹਰ ਕੋਈ ਬਾਦਸ਼ਾਹ ਨਹੀਂ ਬਣ ਜਾਂਦਾ ਅਤੇ ਨਾ ਹੀ ਕਿਸੇ ਸਾਧਾਰਨ ਘਰ ਵਿੱਚ ਰਹਿਣ ਨਾਲ ਕਿਸੇ ਦੀ ਸ਼ਖ਼ਸੀਅਤ ਛੋਟੀ ਹੋ ਜਾਂਦੀ ਹੈ। ਜੇ ਮਨੁੱਖ ਦੀ ਸੋਚ ਕੰਗਾਲ ਹੋਵੇ, ਤਾਂ ਮਹਿਲ ਵੀ ਉਸ ਦੀ ਤੰਗਦਿਲੀ ਦਾ ਪ੍ਰਤੀਕ ਬਣ ਜਾਂਦਾ ਹੈ। ਪਰ ਜੇ ਉਸ ਦੇ ਅੰਦਰ ਬਾਦਸ਼ਾਹੀ ਸੋਚ, ਉੱਚੇ ਆਦਰਸ਼ ਅਤੇ ਵਿਸ਼ਾਲ ਹਿਰਦਾ ਹੋਵੇ, ਤਾਂ ਉਹ ਸਾਧਾਰਨ ਥਾਂ ਨੂੰ ਵੀ ਆਪਣੀ ਸ਼ਖ਼ਸੀਅਤ ਦੇ ਭਾਂਬੜ ਨਾਲ ਰੌਸ਼ਨ ਕਰ ਸਕਦਾ ਹੈ।

ਅਸਲ ਬਾਦਸ਼ਾਹੀ ਥਾਂ ਦੀ ਨਹੀਂ, ਥਾਂ ਨੂੰ ਅਰਥ ਦੇਣ ਵਾਲੀ ਸ਼ਖ਼ਸੀਅਤ ਦੀ ਹੁੰਦੀ ਹੈ। ਇਹ ਵਿਚਾਰ ਮਨੁੱਖੀ ਜੀਵਨ ਦੇ ਇੱਕ ਡੂੰਘੇ ਸੱਚ ਨੂੰ ਉਜਾਗਰ ਕਰਦਾ ਹੈ ਕਿ ਬਾਹਰੀ ਸਾਧਨ ਮਨੁੱਖ ਦੀ ਪਛਾਣ ਨੂੰ ਸਜਾ-ਸਵਾਰ ਤਾਂ ਸਕਦੇ ਹਨ, ਪਰ ਉਸ ਦੀ ਅੰਦਰੂਨੀ ਬੁਲੰਦੀ ਨਹੀਂ ਘੜ ਸਕਦੇ। ਕੁਰਸੀ ਕਿਸੇ ਨੂੰ ਅਹੁਦਾ ਦੇ ਸਕਦੀ ਹੈ, ਤਾਜ ਉਸ ਨੂੰ ਰਾਜਸੀ ਦਿੱਖ ਦੇ ਸਕਦਾ ਹੈ ਅਤੇ ਦੌਲਤ ਉਸ ਲਈ ਸੁੱਖ-ਸਹੂਲਤਾਂ ਦੇ ਦਰ ਖੋਲ੍ਹ ਸਕਦੀ ਹੈ। ਪਰ ਸੂਝ, ਖ਼ੁਦਦਾਰੀ, ਸੰਜਮ, ਦਲੇਰੀ ਅਤੇ ਦੂਰ ਅੰਦੇਸ਼ੀ ਬਾਜ਼ਾਰੋਂ ਨਹੀਂ ਖ਼ਰੀਦੇ ਜਾ ਸਕਦੇ। ਇਹ ਗੁਣ ਮਨੁੱਖ ਆਪਣੇ ਵਿਚਾਰਾਂ, ਆਜ਼ਮਾਇਸ਼ਾਂ ਅਤੇ ਲਗਾਤਾਰ ਸ਼ਖ਼ਸੀਅਤ ਦੀ ਉਸਾਰੀ ਰਾਹੀਂ ਵਿਕਸਿਤ ਕਰਦਾ ਹੈ।

ਮਹਿਲ ਵਿੱਚ ਵੜਨ ਵਾਲਾ ਹਰ ਮਨੁੱਖ ਮਹਿਲ ਦਾ ਮਾਲਕ ਨਹੀਂ ਬਣਦਾ, ਪਰ ਜਿਹੜਾ ਮਨੁੱਖ ਆਪਣੇ ਅੰਦਰਲੇ ਹਕੂਮਤ ਨੂੰ ਪਛਾਣ ਲੈਂਦਾ ਹੈ, ਉਹ ਹਾਲਾਤਾਂ ਦਾ ਗ਼ੁਲਾਮ ਬਣ ਕੇ ਨਹੀਂ ਰਹਿੰਦਾ। ਉਸ ਲਈ ਮਹਿਲ ਅਤੇ ਛੌਂਪੜੀ ਦਾ ਫ਼ਰਕ ਸਹੂਲਤਾਂ ਦਾ ਹੋ ਸਕਦਾ ਹੈ, ਗੈਰਤ ਦਾ ਨਹੀਂ। ਉਹ ਆਪਣੀ ਕਦਰ ਦੂਜਿਆਂ ਦੀਆਂ ਤਾਰੀਫ਼ਾਂ, ਅਹੁਦਿਆਂ ਜਾਂ ਪ੍ਰਵਾਨਗੀਆਂ ਤੋਂ ਨਹੀਂ ਮੰਗਦਾ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਅਸਲ ਪੂੰਜੀ ਉਸ ਦਾ ਗਿਆਨ, ਉਸ ਦੀ ਨੀਅਤ, ਉਸ ਦਾ ਕਿਰਦਾਰ ਅਤੇ ਔਖੇ ਵੇਲੇ ਸਹੀ ਫ਼ੈਸਲਾ ਲੈਣ ਦੀ ਸਮਰੱਥਾ ਹੈ।

ਪਰ ਅੰਦਰਲੀ ਬਾਦਸ਼ਾਹੀ ਦਾ ਇੱਕ ਹੋਰ ਪੱਖ ਵੀ ਹੈ, ਜਿਸ ਨੂੰ ਸਮਝਣਾ ਜ਼ਰੂਰੀ ਹੈ। ਜਦੋਂ ਮਨੁੱਖ ਨੂੰ ਆਪਣੀਆਂ ਗੁੰਜਾਇਸ਼ਾਂ ਦੀ ਸੂਝ ਪੈ ਜਾਂਦੀ ਹੈ, ਜਦੋਂ ਉਹ ਜਾਣ ਲੈਂਦਾ ਹੈ ਕਿ ਉਹ ਆਪਣੀ ਮੌਜੂਦਾ ਹਾਲਤ ਨਾਲੋਂ ਕਿਤੇ ਵਧੇਰੇ ਸਮਰੱਥ ਬਣ ਸਕਦਾ ਹੈ, ਤਾਂ ਉਸ ਲਈ ਆਪਣੀਆਂ ਹੱਦਾਂ ਨੂੰ ਹੀ ਆਪਣੀ ਕਿਸਮਤ ਮੰਨ ਕੇ ਬੈਠੇ ਰਹਿਣਾ ਔਖਾ ਹੋ ਜਾਂਦਾ ਹੈ। ਉਸ ਦੇ ਅੰਦਰ ਇੱਕ ਸਵਾਲ ਲਗਾਤਾਰ ਰੜਕਦਾ ਰਹਿੰਦਾ ਹੈ,' ਕੀ ਮੈਂ ਆਪਣੀ ਪੂਰੀ ਸਮਰੱਥਾ ਨੂੰ ਵਰਤ ਰਿਹਾ ਹਾਂ?

ਇਹ ਸਵਾਲ ਹੀ ਉਸ ਦੀ ਬੇਚੈਨੀ ਦਾ ਕਾਰਨ ਵੀ ਬਣਦਾ ਹੈ ਅਤੇ ਤਰੱਕੀ ਦਾ ਮੁੱਢ ਵੀ। ਜਿਹੜਾ ਮਨੁੱਖ ਆਪਣੀ ਸਮਰੱਥਾ ਤੋਂ ਅਣਜਾਣ ਹੈ, ਉਹ ਅਕਸਰ ਪ੍ਰਾਪਤੀਆਂ ਦੀ ਘਾਟ ਨੂੰ ਕਿਸਮਤ ਦਾ ਲੇਖਾ ਸਮਝ ਲੈਂਦਾ ਹੈ, ਪਰ ਜਿਹੜਾ ਆਪਣੀ ਸਮਰੱਥਾ ਪਛਾਣ ਲੈਂਦਾ ਹੈ, ਉਹ ਹਰ ਕਸਰ ਵਿੱਚ ਸੁਧਾਰ ਦੀ ਗੁੰਜਾਇਸ਼ ਵੇਖਦਾ ਹੈ। ਉਸ ਨੂੰ ਸਿਰਫ਼ ਸਫ਼ਲ ਹੋਣ ਦੀ ਨਹੀਂ, ਸਗੋਂ ਆਪਣੇ ਅੰਦਰਲੇ ਬਿਹਤਰ ਮਨੁੱਖ ਨੂੰ ਸਾਕਾਰ ਕਰਨ ਦੀ ਤਾਂਘ ਮਹਿਸੂਸ ਹੁੰਦੀ ਹੈ।

ਫਿਰ ਵੀ, ਇਹ ਬੇਚੈਨੀ ਅੰਨ੍ਹੀ ਦੌੜ ਨਹੀਂ ਬਣਨੀ ਚਾਹੀਦੀ। ਅਸਲ ਬੁਲੰਦੀ ਹਰ ਵੇਲੇ ਹੋਰ ਵਧੇਰੇ ਹਾਸਲ ਕਰਨ ਵਿੱਚ ਨਹੀਂ, ਸਗੋਂ ਇਹ ਜਾਣਨ ਵਿੱਚ ਵੀ ਹੈ ਕਿ ਕਿਹੜੀ ਪ੍ਰਾਪਤੀ ਜੀਵਨ ਨੂੰ ਅਰਥ ਦਿੰਦੀ ਹੈ ਅਤੇ ਕਿਹੜੀ ਸਿਰਫ਼ ਹਉਮੈ ਨੂੰ ਖ਼ੁਰਾਕ ਪਾਉਂਦੀ ਹੈ। ਜਿਹੜਾ ਮਨੁੱਖ ਦੂਜਿਆਂ ਨੂੰ ਨੀਵਾਂ ਦਿਖਾ ਕੇ ਆਪਣੇ ਆਪ ਨੂੰ ਉੱਚਾ ਸਾਬਤ ਕਰਨਾ ਚਾਹੁੰਦਾ ਹੈ, ਉਹ ਬਾਦਸ਼ਾਹ ਨਹੀਂ, ਆਪਣੀ ਹਉਮੈ ਦਾ ਕੈਦੀ ਹੁੰਦਾ ਹੈ। ਅਸਲ ਬਾਦਸ਼ਾਹੀ ਉਹ ਹੈ, ਜਿਸ ਵਿੱਚ ਆਤਮ-ਵਿਸ਼ਵਾਸ ਹੋਵੇ, ਪਰ ਹੰਕਾਰ ਨਾ ਹੋਵੇ, ਸੁਪਨੇ ਹੋਣ, ਪਰ ਅਖ਼ਲਾਕ ਦੀਆਂ ਹੱਦਾਂ ਵੀ ਹੋਣ, ਉੱਚਾ ਉੱਠਣ ਦੀ ਤਾਂਘ ਹੋਵੇ, ਪਰ ਦੂਜਿਆਂ ਨੂੰ ਦੱਲ੍ਹ ਕੇ ਨਹੀਂ।

ਮਨੁੱਖ ਦੀ ਸਭ ਤੋਂ ਵੱਡੀ ਜਿੱਤ ਕਿਸੇ ਮਹਿਲ ਉੱਤੇ ਕਬਜ਼ਾ ਕਰਨਾ ਨਹੀਂ, ਸਗੋਂ ਆਪਣੇ ਅੰਦਰ ਵੱਸਦੀ ਸੰਭਾਵਨਾ ਨੂੰ ਪਛਾਣ ਕੇ ਉਸ ਨੂੰ ਅਮਲ ਵਿੱਚ ਲਿਆਉਣਾ ਹੈ। ਬਾਹਰੀ ਦੁਨੀਆ ਉਸ ਨੂੰ ਕਿੰਨਾ ਮਾਣ ਦਿੰਦੀ ਹੈ, ਇਹ ਹਮੇਸ਼ਾ ਉਸ ਦੇ ਵੱਸ ਵਿੱਚ ਨਹੀਂ, ਪਰ ਉਹ ਆਪਣੇ ਆਪ ਨੂੰ ਕਿੰਨਾ ਤਰਾਸ਼ਦਾ ਹੈ, ਇਹ ਵੱਡੀ ਹੱਦ ਤੱਕ ਉਸ ਦੇ ਆਪਣੇ ਹੱਥ ਵਿੱਚ ਹੈ।

ਯਾਦ ਰੱਖੋ, ਮਹਿਲ ਮਨੁੱਖ ਨੂੰ ਬਾਦਸ਼ਾਹ ਨਹੀਂ ਬਣਾਉਂਦੇ, ਮਨੁੱਖ ਦੀ ਸੋਚ, ਕਿਰਦਾਰ ਅਤੇ ਕਰਮ ਮਹਿਲਾਂ ਦੀ ਪਛਾਣ ਬਦਲ ਸਕਦੇ ਹਨ। ਜਿਹੜਾ ਇੱਕ ਵਾਰ ਆਪਣੀ ਅਸਲ ਸਮਰੱਥਾ ਨੂੰ ਜਾਣ ਲੈਂਦਾ ਹੈ, ਉਸ ਦਾ ਸਫ਼ਰ ਫਿਰ ਸਿਰਫ਼ ਦੁਨੀਆ ਨੂੰ ਜਿੱਤਣ ਦਾ ਨਹੀਂ ਰਹਿੰਦਾ ਸਗੋਂ ਉਹ ਆਪਣੇ ਆਪ ਨੂੰ ਆਪਣੀਆਂ ਉੱਚਤਮ ਸੰਭਾਵਨਾਵਾਂ ਤੱਕ ਪਹੁੰਚਾਉਣ ਦਾ ਸਫ਼ਰ ਬਣ ਜਾਂਦਾ ਹੈ।




Shaheed-e-Azam Printed, pubªished and owned by Harjinder Chaudhary printed at Raftaar Printing Press, Factory Area, Patiaªa and pubªished at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖਬਰਾਂ ਲਈ ਜਿੰਮੇਵਾਰ। ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807

# ਫ਼ਿਕਰ ਬਦਲੀ - ਤਕਦੀਰ ਬਦਲ ਗਈ, ਜ਼ਹਨ ਬਦਲਿਆ ਤਾਂ ਤਦਬੀਰ ਬਦਲ ਗਈ



ਗੁਰਮੀਤ ਸਿੰਘ ਤੁੰਗ
ਬਿਓਰੋ ਚੀਫ਼
9855221193



ਇੱਕੋ ਮਾਹੌਲ, ਇੱਕੋ ਕੰਮ ਅਤੇ ਇੱਕੋ ਜਿਹੇ ਮੌਕੇ। ਪਰ ਨਜ਼ਰੀਏ ਦਾ ਫ਼ਰਕ ਮਨੁੱਖ ਦੇ ਫ਼ੈਸਲਿਆਂ, ਸਿੱਖਣ ਅਤੇ ਭਵਿੱਖ ਦੀ ਦਿਸ਼ਾ ਨੂੰ ਪ੍ਰਭਾਵਿਤ ਕਰ ਜਾਂਦਾ ਹੈ। ਇੱਕ ਕਹਾਣੀ, ਤਿੰਨ ਨਜ਼ਰੀਏ ਅਤੇ ਭਵਿੱਖ ਦੇ ਤਿੰਨ ਵੱਖਰੇ ਰੂਪ।

ਪੰਜਾਬ ਦੇ ਇੱਕ ਸ਼ਹਿਰ ਵਿੱਚ ਯੂਨੀਵਰਸਿਟੀ ਦੀ ਉਸਾਰੀ ਹੋ ਰਹੀ ਸੀ। ਕੋਈ ਇੱਟਾਂ ਢੋ ਰਿਹਾ ਸੀ, ਕੋਈ ਸੀਮੈਂਟ ਤਿਆਰ ਕਰ ਰਿਹਾ ਸੀ, ਕੋਈ ਕੰਧਾਂ ਉੱਤੇ ਪਾਣੀ ਦਾ ਛਿੜਕਾਅ ਕਰ ਰਿਹਾ ਸੀ, ਕੋਈ ਇੱਟਾਂ ਚਿਣ ਰਿਹਾ ਸੀ ਅਤੇ ਕੋਈ ਪੂਰੇ ਨਿਰਮਾਣ ਕਾਰਜ ਦੀ ਨਿਗਰਾਨੀ ਕਰ ਰਿਹਾ ਸੀ। ਸਾਰੇ ਇੱਕੋ ਪ੍ਰੋਜੈਕਟ ਦਾ ਹਿੱਸਾ ਸਨ, ਪਰ ਉਨ੍ਹਾਂ ਦੀ ਸੋਚ ਦਾ ਦਾਇਰਾ ਵੱਖਰਾ ਸੀ।

ਇੱਕ ਰਾਹਗੀਰ ਨੇ ਪਹਿਲੇ ਮਜ਼ਦੂਰ ਨੂੰ ਪੁੱਛਿਆ, "ਤੁਸੀਂ ਇੱਥੇ ਕੀ ਕਰ ਰਹੇ ਹੋ?"

ਉਸ ਨੇ ਜਵਾਬ ਦਿੱਤਾ, "ਮੈਂ ਇੱਟਾਂ ਚੁੱਕ ਕੇ ਮਿਸਤਰੀ ਕੋਲ ਰੱਖਦਾ ਹਾਂ। ਇਹੀ ਮੇਰਾ ਕੰਮ ਹੈ।"

ਦੂਜੇ ਵਿਅਕਤੀ ਨੂੰ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਇੱਕ ਕੰਧ ਬਣਾ ਰਿਹਾ ਹਾਂ।"

ਪਰ ਤੀਜੇ ਵਿਅਕਤੀ ਨੇ ਜਵਾਬ ਦਿੱਤਾ, "ਅਸੀਂ ਇੱਥੇ ਯੂਨੀਵਰਸਿਟੀ ਉਸਾਰ ਰਹੇ ਹਾਂ। ਕੱਲ੍ਹ ਨੂੰ ਇੱਥੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨਗੇ, ਖੋਜ ਕਰਨਗੇ, ਨਵੀਆਂ ਖੋਜਾਂ ਰਾਹੀਂ ਸਮਾਜ ਨੂੰ ਲਾਭ ਪਹੁੰਚਾਉਣਗੇ ਅਤੇ ਆਪਣੇ ਗਿਆਨ ਨਾਲ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣਗੇ। ਇਹ ਇਮਾਰਤ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਆਕਾਰ ਦੇਣ ਦਾ ਮਾਧਿਅਮ ਬਣੇਗੀ।"

ਇਸ ਕਥਾ ਵਿੱਚ ਪਹਿਲੇ ਵਿਅਕਤੀ ਦੀ ਨਜ਼ਰ ਆਪਣੇ ਰੋਜ਼ਾਨਾ ਦੇ ਕੰਮ ਤੱਕ ਸੀਮਤ ਸੀ, ਦੂਜੇ ਦੀ ਨਜ਼ਰ ਕੰਧ ਤੱਕ ਪਹੁੰਚੀ ਹੋਈ ਸੀ ਅਤੇ ਤੀਜੇ ਦੀ ਨਜ਼ਰ ਉਸ ਇਮਾਰਤ ਦੇ ਭਵਿੱਖੀ ਉਦੇਸ਼ ਤੱਕ ਪਹੁੰਚ ਚੁੱਕੀ ਸੀ।

ਇਹ ਕਹਾਣੀ ਕਿਸੇ ਪ੍ਰਮਾਣਿਤ ਇਤਿਹਾਸਕ ਘਟਨਾ ਵਜੋਂ ਨਹੀਂ, ਸਗੋਂ ਮਨੁੱਖੀ ਸੋਚ ਦੇ ਵੱਖ-ਵੱਖ ਪੱਧਰਾਂ ਨੂੰ ਸਮਝਾਉਣ ਵਾਲੀ ਇੱਕ ਦ੍ਰਿਸ਼ਟਾਂਤਕ ਕਥਾ ਵਜੋਂ ਪੜ੍ਹੀ ਜਾਣੀ ਚਾਹੀਦੀ ਹੈ।

ਇਸ ਦਾ ਮੂਲ ਸਵਾਲ ਬੇਹੱਦ ਗੰਭੀਰ ਹੈ। ਕੀ ਅਸੀਂ ਸਿਰਫ਼ ਆਪਣੀ ਰੋਜ਼ੀ-ਰੋਟੀ ਲਈ ਕੰਮ ਕਰ ਰਹੇ ਹਾਂ ਜਾਂ ਆਪਣੇ ਕੰਮ ਦੇ ਪਿੱਛੇ ਲੁਕੇ ਹੋਏ ਵੱਡੇ ਉਦੇਸ਼ ਨੂੰ ਵੀ ਸਮਝ ਰਹੇ ਹਾਂ?

ਸਭਿਅਤਾਵਾਂ ਇੱਟਾਂ ਨਾਲ ਨਹੀਂ, ਵਿਚਾਰਾਂ ਅਤੇ ਇਕਜੁੱਟ ਕਰਮ ਨਾਲ ਬਣਦੀਆਂ ਹਨ। ਮਨੁੱਖੀ ਇਤਿਹਾਸ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਦੀ ਦਾਸਤਾਨ ਹੈ, ਜਿਨ੍ਹਾਂ ਨੇ ਆਪਣੇ ਮੌਜੂਦਾ ਹਾਲਾਤਾਂ ਤੋਂ ਅੱਗੇ ਦੇਖਣ ਦੀ ਸਮਰੱਥਾ ਵਿਕਸਿਤ ਕੀਤੀ। ਸਿੰਧੂ ਘਾਟੀ ਦੀ ਸਭਿਅਤਾ ਦੇ ਹੜੱਪਾ ਅਤੇ ਮੋਹੰਜੋਦੜੋ ਵਰਗੇ ਸ਼ਹਿਰਾਂ ਵਿੱਚ ਤਰਤੀਬਬੱਧ ਗਲੀਆਂ, ਨਿਕਾਸੀ ਢਾਂਚੇ ਅਤੇ ਨਿਰਮਾਣ ਦੇ ਮਿਆਰ ਪੁਰਾਤਨ ਸਮਾਜ ਦੀ ਤਾਲਮੇਲ-ਆਧਾਰ ਸਮਰੱਥਾ ਨੂੰ ਦਰਸਾਉਂਦੇ ਹਨ।

ਇਸੇ ਤਰ੍ਹਾਂ, ਪੁਰਾਤਨ ਭਾਰਤ ਦੇ ਨਾਲੰਦਾ ਵਰਗੇ ਸਿੱਖਿਆ ਕੇਂਦਰਾਂ ਨੇ ਗਿਆਨ ਅਤੇ ਦਿਮਾਗੀ ਵਿਚਾਰ-ਵਟਾਂਦਰੇ ਦੀਆਂ ਰਹੁ -ਰੀਤਾਂ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੀ ਵਿਰਾਸਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਿੱਖਿਆ ਦੀ ਸੰਸਥਾ ਦਾ ਅਸਲ ਮਹੱਤਵ ਸਿਰਫ਼ ਉਸ ਦੇ ਭੌਤਿਕ ਢਾਂਚੇ ਵਿੱਚ ਨਹੀਂ, ਸਗੋਂ ਉਸ ਗਿਆਨ ਵਿੱਚ ਹੁੰਦਾ ਹੈ ਜੋ ਉਸ ਦੇ ਅੰਦਰ ਪੈਦਾ ਅਤੇ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ।

ਇੱਥੇ ਇੱਕ ਬੁਨਿਆਦੀ ਸਿਧਾਂਤ ਸਾਹਮਣੇ ਆਉਂਦਾ ਹੈ, ਇਮਾਰਤ ਦਾ ਨਿਰਮਾਣ ਅਤੇ ਸੰਸਥਾ ਦਾ ਨਿਰਮਾਣ ਦੋ ਵੱਖਰੇ ਪੜਾਅ ਹਨ। ਪਹਿਲੇ ਵਿੱਚ ਇੱਟਾਂ, ਸੀਮੈਂਟ ਅਤੇ ਤਕਨੀਕੀ ਹੁਨਰ ਦੀ ਲੋੜ ਹੁੰਦੀ ਹੈ, ਦੂਜੇ ਵਿੱਚ ਅੱਗੇ ਦੀ ਸੋਚ ਵੱਲ ਨੀਤੀ, ਯੋਗ ਗੁਰੂ , ਖੋਜ, ਨਿਯਮ ਅਤੇ ਸਮਾਜਿਕ ਜ਼ਿੰਮੇਵਾਰੀ ਦੀ।

ਇੱਕ ਯੂਨੀਵਰਸਿਟੀ ਦੀ ਇਮਾਰਤ ਤਿਆਰ ਹੋ ਜਾਣਾ ਉਸ ਦੇ ਉਦੇਸ਼ ਦੀ ਪੂਰਤੀ ਨਹੀਂ। ਉਸ ਦਾ ਅਸਲ ਉਦੇਸ਼ ਉਦੋਂ ਸਾਕਾਰ ਹੁੰਦਾ ਹੈ, ਜਦੋਂ ਉਹ ਯੋਗਤਾ, ਗਿਆਨ, ਖੋਜ ਅਤੇ ਗਿਆਨ ਨਿੱਜੀ ਚੇਤਨਾ ਨੂੰ ਵਿਕਸਿਤ ਕਰਦੀ ਹੈ।

ਇਸ ਲਈ ਇਤਿਹਾਸ ਦਾ ਸਬਕ ਇਹ ਨਹੀਂ ਕਿ ਵੱਡੀਆਂ ਇਮਾਰਤਾਂ ਆਪਣੇ ਆਪ ਮਹਾਨਤਾ ਪੈਦਾ ਕਰਦੀਆਂ ਹਨ। ਸਬਕ ਇਹ ਹੈ ਕਿ ਦੂਰ ਸੀ ਸੋਚ ਦੇ ਉਦੇਸ਼, ਸੰਗਠਿਤ ਮਿਹਨਤ ਅਤੇ ਲੰਬੇ ਸਮੇਂ ਦੀ ਸੰਸਥਾਗਤ ਸੋਚ ਮਿਲ ਕੇ ਅਜਿਹੀ ਵਿਰਾਸਤ ਉਸਾਰ ਸਕਦੇ ਹਨ, ਜੋ ਇੱਕ ਪੀੜ੍ਹੀ ਤੋਂ ਅੱਗੇ ਤੱਕ ਜਾਂਦੀ ਹੈ।

ਮਨੁੱਖ ਦੀ ਸੋਚ ਹੀ ਉਸ ਦੀ ਕਾਰਜਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ. ਮਨੋਵਿਗਿਆਨ ਵਿੱਚ ਹੌਸਲਾ ਅਫਜ਼ਾਈ,ਮੰਜ਼ਿਲ ਤੈਅ ਕਰਨ ਅਤੇ ਸਿੱਖਣ ਦੀ ਸਮਰੱਥਾ ਦੀ ਪੜਚੋਲ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਇੱਕੋ ਕੰਮ ਕਰਨ ਵਾਲੇ ਲੋਕ ਉਸ ਕੰਮ ਨੂੰ ਵੱਖਰੇ ਅਰਥ ਕਿਉਂ ਦੇ ਦਿੰਦੇ ਹਨ। ਮਨੋਵਿਗਿਆਨੀ ਕੈਰੋਲ ਡਵੈਕ ਦੇ ਕੰਮ ਨਾਲ ਜੁੜੀ ਅੱਗੇ ਵਧਣ ਦੀ ਮਾਨਸਿਕਤਾ ਦੀ ਧਾਰਨਾ ਅਨੁਸਾਰ, ਮਨੁੱਖ ਆਪਣੀਆਂ ਕਾਬਲੀਅਤਾਂ ਨੂੰ ਸਿੱਖਿਆ, ਨਿਰੰਤਰ ਅਭਿਆਸ ਅਤੇ ਸਹੀ ਰਹਿਨੁਮਾਈ ਰਾਹੀਂ ਨਿਖਾਰ ਸਕਦਾ ਹੈ ਅਤੇ ਆਪਣੀ ਕਾਬਲੀਅਤ ਵਿੱਚ ਵਾਧਾ ਕਰ ਸਕਦਾ ਹੈ। ਇਸ ਦੇ ਉਲਟ, ਜੇ ਕੋਈ ਵਿਅਕਤੀ ਆਪਣੀ ਮੌਜੂਦਾ ਸਮਰੱਥਾ ਨੂੰ ਹੀ ਆਪਣੀ ਅੰਤਿਮ ਹੱਦ ਮੰਨ ਲਵੇ, ਤਾਂ ਉਹ ਨਵੇਂ ਮੌਕੇ ਅਜ਼ਮਾਉਣ ਤੋਂ ਪਿੱਛੇ ਹਟ ਜਾਂਦਾ ਹੈ। ਸਟੈਨਫੋਰਡ ਯੂਨੀਵਰਸਿਟੀ ਦੀਆਂ ਸਿੱਖਿਆ-ਸੰਬੰਧੀ ਖੋਜ ਪੜਤਾਲਾਂ ਵੀ ਸਿੱਖਣ ਬਾਰੇ ਭਰੋਸਿਆਂ ਅਤੇ ਵਿਦਿਆਰਥੀਆਂ ਦੀ ਪੜ੍ਹਾਈ-ਲਿਖਾਈ ਨਾਲ ਸੰਬੰਧ ਲਗਨ ਵਿਚਕਾਰ ਸੰਬੰਧ ਨੂੰ ਉਜਾਗਰ ਕਰਦੀਆਂ ਹਨ।

ਇਸ ਦਾ ਮਤਲਬ ਇਹ ਨਹੀਂ ਕਿ ਸਿਰਫ਼ ਲਾਹੇਵੰਦ ਸੋਚ ਨਾਲ ਹਰ ਮਨੁੱਖ ਸਫ਼ਲ ਹੋ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਆਪਣੀਆਂ ਯੋਗਤਾਵਾਂ ਨੂੰ ਵਿਕਸਿਤ ਕਰਨ ਦੀ ਸੰਭਾਵਨਾ ਨੂੰ ਸਵੀਕਾਰ ਕਰਨਾ ਸਿੱਖਣ ਲਈ ਮਹੱਤਵਪੂਰਨ ਹੁੰਦਾ ਹੈ।

ਇੱਕ ਮਜ਼ਦੂਰ ਜੇ ਆਪਣੇ ਕੰਮ ਨੂੰ ਸਿਰਫ਼ ਇੱਟਾਂ ਢੋਣ ਤੱਕ ਸੀਮਤ ਮੰਨਦਾ ਹੈ, ਤਾਂ ਹੋ ਸਕਦਾ ਹੈ ਕਿ ਉਹ ਉਸਾਰੀ ਦੀ ਤਕਨੀਕ, ਮਾਪ-ਤੋਲ ਜਾਂ ਨਿਰਮਾਣ ਪ੍ਰਬੰਧਨ ਸਿੱਖਣ ਦੇ ਮੌਕਿਆਂ ਵੱਲ ਧਿਆਨ ਨਾ ਦੇਵੇ। ਪਰ ਜੇ ਉਹ ਆਪਣੇ ਤਜਰਬੇ ਨੂੰ ਹੁਨਰ ਵਿਕਸਿਤ ਕਰਨ ਦਾ ਆਧਾਰ ਮੰਨਦਾ ਹੈ, ਤਾਂ ਉਹ ਨਵੀਆਂ ਯੋਗਤਾਵਾਂ ਹਾਸਲ ਕਰਨ ਬਾਰੇ ਜ਼ਰੂਰ ਸੋਚੇਗਾ।

ਇਸੇ ਤਰ੍ਹਾਂ, ਮਿਸਤਰੀ ਆਪਣੇ ਤਜਰਬੇ ਨੂੰ ਉੱਚ ਪੱਧਰ ਦੀ ਕਾਰੀਗਰੀ ਵਿੱਚ ਬਦਲ ਸਕਦਾ ਹੈ ਅਤੇ ਹੋਰ ਜ਼ਰੂਰੀ ਸਿੱਖਿਆ ਪ੍ਰਾਪਤ ਕਰਕੇ ਨਿਰਮਾਣ ਦੇ ਹੋਰ ਖੇਤਰਾਂ ਵਿੱਚ ਵੀ ਅੱਗੇ ਵਧ ਸਕਦਾ ਹੈ।

ਇੱਥੇ ਫ਼ਰਕ ਸਿਰਫ਼ ਸੁਪਨੇ ਦਾ ਨਹੀਂ, ਸਗੋਂ ਆਪਣੀ ਮੌਜੂਦਾ ਸਥਿਤੀ ਨੂੰ ਅਖੀਰਲੀ ਮੰਜ਼ਿਲ ਨਾ ਮੰਨ ਲੈਣ ਦਾ ਵੀ ਹੈ।

ਮਨੋਵਿਗਿਆਨ ਵਿੱਚ ਸਵੈ-ਨਿਰਧਾਰਨ ਸਿਧਾਂਤ ਮਨੁੱਖੀ ਪ੍ਰੇਰਣਾ ਨੂੰ ਸਮਝਣ ਵਾਲਾ ਇੱਕ ਮਹੱਤਵਪੂਰਨ ਸਿਧਾਂਤ ਹੈ। "ਕੰਮ ਦਾ ਅਰਥ: ਮਜ਼ਦੂਰੀ ਤੋਂ ਜ਼ਿੰਮੇਵਾਰੀ ਤੱਕ " ਐਡਵਰਡ ਡੈਸੀ ਅਤੇ ਰਿਚਰਡ ਰਾਇਨ ਸਮੇਤ ਕਈ ਖੋਜਕਰਤਾਵਾਂ ਦੇ ਕੰਮ ਅਨੁਸਾਰ, ਯੋਗਤਾ ਦਾ ਅਹਿਸਾਸ, ਕੁਝ ਹੱਦ ਤੱਕ ਆਪਣੇ ਫ਼ੈਸਲੇ ਕਰਨ ਦੀ ਆਜ਼ਾਦੀ ਅਤੇ ਦੂਜਿਆਂ ਨਾਲ ਸਬੰਧ ਮਨੁੱਖੀ ਹੱਲਾਸ਼ੇਰੀ ਅਤੇ ਭਲਾਈ ਨਾਲ ਜੁੜੇ ਹੋਏ ਹਨ।

ਇਸ ਸਿਧਾਂਤ ਨੂੰ ਉਸਾਰੀ ਵਾਲੀ ਕਥਾ ਉੱਤੇ ਲਾਗੂ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਕੰਮ ਦਾ ਅਰਥ ਸਮਝਣ ਵਾਲਾ ਵਿਅਕਤੀ ਆਪਣੇ ਆਪ ਨੂੰ ਸਿਰਫ਼ ਹੁਕਮ ਮੰਨਣ ਵਾਲੀ ਇਕਾਈ ਨਹੀਂ, ਸਗੋਂ ਇੱਕ ਵੱਡੀ ਪ੍ਰਕਿਰਿਆ ਦਾ ਜ਼ਿੰਮੇਵਾਰ ਹਿੱਸਾ ਸਮਝਦਾ ਹੈ।

ਪਰ ਇਸ ਦਾ ਇੱਕ ਸਮਾਜਿਕ ਪੱਖ ਵੀ ਹੈ। ਜੇ ਕਿਸੇ ਕਰਮਚਾਰੀ ਤੋਂ ਸਿਰਫ਼ ਕੰਮ ਲੈਣ ਦੀ ਉਮੀਦ ਕੀਤੀ ਜਾਂਦੀ ਹੈ, ਉਸ ਨੂੰ ਸਿੱਖਣ ਦਾ ਮੌਕਾ ਨਹੀਂ ਮਿਲਦਾ ਅਤੇ ਉਸ ਦੀ ਮਿਹਨਤ ਦੀ ਕਦਰ ਨਹੀਂ ਹੁੰਦੀ, ਤਾਂ ਉਸ ਤੋਂ ਦੂਰ ਦੀ ਸੋਚ ਦੀ ਉਮੀਦ ਕਰਨਾ ਕਾਫ਼ੀ ਨਹੀਂ। ਇੱਕ ਸੁਚੱਜੇ ਕਾਰਜ-ਮਾਹੌਲ ਵਿੱਚ ਸਹੀ ਅਗਵਾਈ , ਲੋੜੀਂਦੀ ਸਿਖਲਾਈ, ਸੁਰੱਖਿਆ, ਵਾਜਬ ਮਿਹਨਤਾਨਾ ਅਤੇ ਕਰਮਚਾਰੀਆਂ ਦੇ ਯੋਗਦਾਨ ਦੀ ਕਦਰ ਤੇ ਮਾਨਤਾ ਵੀ ਅਤਿਅੰਤ ਜ਼ਰੂਰੀ ਹਨ।

ਇਸ ਲਈ ਵੱਡੀ ਸੋਚ ਸਿਰਫ਼ ਵਿਅਕਤੀ ਦੀ ਜ਼ਿੰਮੇਵਾਰੀ ਨਹੀਂ, ਸੰਸਥਾਵਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਨੂੰ ਆਪਣੀ ਕਾਬਲੀਅਤ ਵਿਕਸਿਤ ਕਰਨ ਦਾ ਮੌਕਾ ਦੇਣ।

ਸਮਾਜਿਕ ਗਤੀਸ਼ੀਲਤਾ ਤਹਿਤ ਸੋਚ ਬਦਲਣ ਨਾਲ ਮਨੁੱਖ ਦਾ ਭਵਿੱਖ ਬਦਲ ਸਕਦਾ ਹੈ। ਇਹ ਤੱਥ ਬਹੁਤ ਮਹੱਤਵਪੂਰਨ ਹੈ

ਅਰਥਸ਼ਾਸਤਰੀ ਅਤੇ ਫ਼ਿਲਾਸਫ਼ਰ ਅਮਰਤਿਆ ਸੇਨ ਦੇ ਸਮਰੱਥਾ-ਆਧਾਰ ਨਜ਼ਰੀਏ ਤਹਿਤ, ਵਿਕਾਸ ਨੂੰ ਸਿਰਫ਼ ਆਮਦਨ ਜਾਂ ਸਰੋਤਾਂ ਨਾਲ ਨਹੀਂ, ਸਗੋਂ ਮਨੁੱਖ ਦੀਆਂ ਅਸਲ ਆਜ਼ਾਦੀਆਂ ਅਤੇ ਉਨ੍ਹਾਂ ਕੰਮਾਂ ਨੂੰ ਕਰਨ ਦੀ ਸਮਰੱਥਾ ਨਾਲ ਵੀ ਸਮਝਣਾ ਚਾਹੀਦਾ ਹੈ, ਜਿਨ੍ਹਾਂ ਨੂੰ ਉਹ ਮਹੱਤਵਪੂਰਨ ਮੰਨਦਾ ਹੈ। ਇਸ ਨਜ਼ਰੀਏ ਤੋਂ ਦੇਖੀਏ ਤਾਂ ਕਿਸੇ ਵਿਅਕਤੀ ਦੀ ਤਰੱਕੀ ਲਈ ਸਿਰਫ਼ ਵੱਡੇ ਸੁਪਨੇ ਕਾਫ਼ੀ ਨਹੀਂ। ਉਸ ਨੂੰ ਸਿੱਖਿਆ, ਸਮਾਂ, ਆਰਥਿਕ ਸਹਾਇਤਾ, ਸਿਹਤ, ਸਿਖਲਾਈ ਅਤੇ ਮੌਕਿਆਂ ਤੱਕ ਪਹੁੰਚ ਵੀ ਚਾਹੀਦੀ ਹੈ।

ਜੇ ਇੱਕ ਮਜ਼ਦੂਰ ਦਾ ਬੱਚਾ ਉੱਚ ਸਿੱਖਿਆ ਹਾਸਲ ਕਰਕੇ ਵਿਗਿਆਨੀ ਬਣਦਾ ਹੈ, ਤਾਂ ਉਸ ਦੀ ਯਾਤਰਾ ਵਿੱਚ ਵਿਅਕਤੀਗਤ ਮਿਹਨਤ ਦੇ ਨਾਲ ਪਰਿਵਾਰਕ ਸਹਿਯੋਗ, ਸਿੱਖਿਆ ਪ੍ਰਣਾਲੀ ਅਤੇ ਮੌਜੂਦਾ ਮੌਕਿਆਂ ਦੀ ਵੀ ਭੂਮਿਕਾ ਹੁੰਦੀ ਹੈ।

ਇਸੇ ਤਰ੍ਹਾਂ, ਜੇ ਕੋਈ ਮਜ਼ਦੂਰ ਸਾਰੀ ਉਮਰ ਇਮਾਨਦਾਰੀ ਨਾਲ ਆਪਣੇ ਪੇਸ਼ੇ ਵਿੱਚ ਕੰਮ ਕਰਦਾ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਦੀ ਸੋਚ ਛੋਟੀ ਸੀ। ਹੋ ਸਕਦਾ ਹੈ ਉਸ ਨੇ ਆਪਣੇ ਪੇਸ਼ੇ ਨੂੰ ਆਪਣੀ ਪਸੰਦ, ਮਾਣ ਅਤੇ ਜੀਵਨ ਦੀਆਂ ਲੋੜਾਂ ਦੇ ਅਨੁਸਾਰ ਚੁਣਿਆ ਹੋਵੇ। ਇਸ ਲਈ ਪੇਸ਼ੇ ਜਾਂ ਅਹੁਦੇ ਦੇ ਆਧਾਰ ਉੱਤੇ ਮਨੁੱਖ ਦੀ ਬੌਧਿਕ ਸਮਰੱਥਾ ਦਾ ਫ਼ੈਸਲਾ ਕਰਨਾ ਗ਼ਲਤ ਹੈ।

ਵੱਡੀ ਸੋਚ ਦਾ ਅਰਥ ਹਰ ਹਾਲਤ ਵਿੱਚ ਉੱਚਾ ਅਹੁਦਾ ਹਾਸਲ ਕਰਨਾ ਨਹੀਂ, ਇਸ ਦਾ ਅਰਥ ਆਪਣੀ ਸਮਰੱਥਾ ਨੂੰ ਪਛਾਣਨਾ, ਆਪਣੇ ਕੰਮ ਨੂੰ ਬਿਹਤਰ ਬਣਾਉਣਾ ਅਤੇ ਆਪਣੇ ਜੀਵਨ ਬਾਰੇ ਸੂਝਵਾਨ ਫ਼ੈਸਲੇ ਕਰਨਾ ਹੈ।

ਮਨੁੱਖ ਦੀ ਇੱਕ ਵੱਡੀ ਕਮਜ਼ੋਰੀ ਇਹ ਹੈ ਕਿ ਉਹ ਕਈ ਵਾਰ ਪੁਰਾਣੇ ਤਰੀਕਿਆਂ ਨੂੰ ਇਸ ਲਈ ਜਾਰੀ ਰੱਖਦਾ ਹੈ ਕਿਉਂਕਿ ਉਹ ਉਨ੍ਹਾਂ ਨਾਲ ਜਾਣੂ ਹੁੰਦਾ ਹੈ। ਇਹ ਹੀ ਉਸ ਦੇ ਕੰਮ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਜਾਂਦੀ ਹੈ। ਉਹ ਇਹ ਜਾਂਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਹਾਲਾਤ ਬਦਲ ਚੁੱਕੇ ਹਨ ਜਾਂ ਨਹੀਂ।

ਜੇ ਇੱਕ ਵਿਅਕਤੀ ਕਿਸੇ ਸਮੱਸਿਆ ਦਾ ਹੱਲ ਦਸ ਵਾਰ ਇੱਕੋ ਤਰੀਕੇ ਨਾਲ ਲੱਭਣ ਦੀ ਕੋਸ਼ਿਸ਼ ਕਰਦਾ ਹੈ ਅਤੇ ਹਰ ਵਾਰ ਅਸਫ਼ਲ ਰਹਿੰਦਾ ਹੈ, ਤਾਂ ਗਿਆਰ੍ਹਵੀਂ ਵਾਰ ਵੀ ਉਹੀ ਤਰੀਕਾ ਅਪਣਾਉਣ ਤੋਂ ਪਹਿਲਾਂ ਉਸ ਨੂੰ ਆਪਣੇ ਢੰਗ ਦੀ ਮਡ ਪੜਚੋਲ ਕਰਨੀ ਚਾਹੀਦੀ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਲਗਾਤਾਰ ਕੋਸ਼ਿਸ਼ ਕਰਨਾ ਬੇਕਾਰ ਹੈ। ਮਤਲਬ ਇਹ ਹੈ ਕਿ ਕੋਸ਼ਿਸ਼ ਦੀ ਗਿਣਤੀ ਨਾਲੋਂ ਕੋਸ਼ਿਸ਼ ਦੀ ਬਦਲਾਵ / ਤਰੱਕੀ ਅਤੇ ਉਸ ਤੋਂ ਮਿਲਣ ਵਾਲੀ ਸਿੱਖਿਆ ਵਧੇਰੇ ਮਹੱਤਵਪੂਰਨ ਹੁੰਦੀ ਹੈ। ਇੱਕ ਵਿਦਿਆਰਥੀ ਜੇ ਬਿਨਾਂ ਸਮਝੇ ਸਿਰਫ਼ ਯਾਦ ਕਰਦਾ ਰਹੇ, ਤਾਂ ਵਧੇਰੇ ਘੰਟੇ ਪੜ੍ਹਨ ਦੇ ਬਾਵਜੂਦ ਉਸ ਦੀ ਸਿੱਖਿਆ ਅਧੂਰੀ ਰਹਿ ਜਾਂਦੀ ਹੈ। ਜੇ ਉਹ ਆਪਣੀ ਪੜ੍ਹਾਈ ਦਾ ਢੰਗ ਬਦਲੇ, ਸਵਾਲ ਪੁੱਛੇ, ਅਭਿਆਸ ਕਰੇ ਅਤੇ ਗ਼ਲਤੀਆਂ ਤੋਂ ਸਿੱਖੇ, ਤਾਂ ਉਸ ਦੇ ਨਤੀਜੇ ਸੁਧਰ ਜਾਂਦੇ ਹਨ।

ਇੱਕ ਕਾਰੋਬਾਰੀ ਜੇ ਬਦਲਦੀ ਮੰਗ ਨੂੰ ਨਜ਼ਰਅੰਦਾਜ਼ ਕਰੇ, ਤਾਂ ਪੁਰਾਣੀ ਸਫ਼ਲਤਾ ਵੀ ਭਵਿੱਖ ਦੀ ਅਸਫ਼ਲਤਾ ਦਾ ਕਾਰਨ ਬਣ ਸਕਦੀ ਹੈ। ਇੱਕ ਸੰਸਥਾ ਜੇ ਸਿਰਫ਼ ਪੁਰਾਣੇ ਅਸੂਲਾਂ ਨੂੰ ਕਾਇਮ ਰੱਖੇ ਅਤੇ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਦੀ ਜਾਂਚ ਨਾ ਕਰੇ, ਤਾਂ ਉਹ ਆਪਣੀ ਕਾਰਗੁਜ਼ਾਰੀ ਸੁਧਾਰਨ ਦੇ ਮੌਕੇ ਗੁਆ ਦਿੰਦੀ ਹੈ।

ਇਸ ਲਈ ਸੋਚ ਦੀ ਤਬਦੀਲੀ ਦਾ ਅਸਲ ਅਰਥ ਹਰ ਪੁਰਾਣੀ ਚੀਜ਼ ਨੂੰ ਛੱਡ ਦੇਣਾ ਨਹੀਂ, ਸਗੋਂ ਇਹ ਪਰਖਣਾ ਹੈ ਕਿ ਕਿਹੜੀ ਚੀਜ਼ ਅਜੇ ਵੀ ਲਾਭਕਾਰੀ ਹੈ ਅਤੇ ਕਿਹੜੀ ਵਿੱਚ ਸੁਧਾਰ ਦੀ ਲੋੜ ਹੈ।

ਦੂਰਦਰਸ਼ਤਾ ਦਾ ਅਮਲੀ ਫ਼ਾਰਮੂਲਾ:

ਕਿਸੇ ਵੀ ਵਿਅਕਤੀ ਜਾਂ ਸੰਸਥਾ ਲਈ ਦੂਰਦਰਸ਼ੀ ਬਣਨ ਦਾ ਮਤਲਬ ਸਿਰਫ਼ ਭਵਿੱਖ ਬਾਰੇ ਕਲਪਨਾ ਕਰਨਾ ਨਹੀਂ। ਸਗੋਂ ਸੋਚੋ, ਸਿੱਖੋ, ਯੋਜਨਾ ਬਣਾਓ ਅਤੇ ਨਤੀਜੇ ਪਰਖਣਾ ਹੈ। ਇਸ ਲਈ ਇੱਕ ਨਿਰਧਾਰਿਤ ਵਿਉਂਤਬੰਦੀ ਦੀ ਲੋੜ ਹੁੰਦੀ ਹੈ।

ਪਹਿਲਾਂ, ਆਪਣੇ ਕੰਮ ਦਾ ਉਦੇਸ਼ ਸਪਸ਼ਟ ਕਰੋ। ਦੂਜਾ, ਆਪਣੇ ਗਿਆਨ ਅਤੇ ਹੁਨਰ ਦੀਆਂ ਸੀਮਾਵਾਂ ਪਛਾਣੋ। ਤੀਜਾ, ਜਰੂਰੀ ਸਿੱਖਿਆ ਅਤੇ ਸਿਖਲਾਈ ਹਾਸਲ ਕਰੋ। ਚੌਥਾ, ਵੱਡੇ ਟੀਚੇ ਨੂੰ ਛੋਟੇ ਅਤੇ ਮਾਪਣਯੋਗ ਕਦਮਾਂ ਵਿੱਚ ਵੰਡੋ। ਪੰਜਵਾਂ, ਸਮੇਂ-ਸਮੇਂ ਉੱਤੇ ਨਤੀਜਿਆਂ ਦੀ ਜਾਂਚ ਕਰੋ ਅਤੇ ਲੋੜ ਅਨੁਸਾਰ ਰਣਨੀਤੀ ਬਦਲੋ।

ਇਸ ਢੰਗ ਵਿੱਚ ਅਸਫ਼ਲਤਾ ਨੂੰ ਅੰਤਿਮ ਫ਼ੈਸਲਾ ਨਹੀਂ, ਸਗੋਂ ਜਾਣਕਾਰੀ ਦੇ ਇੱਕ ਸਰੋਤ ਵਜੋਂ ਦੇਖਿਆ ਜਾਣਾ ਚਾਹੀਂਦਾ ਹੈ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਹਰ ਅਸਫ਼ਲਤਾ ਤੋਂ ਬਾਅਦ ਉਹੀ ਟੀਚਾ ਹਰ ਕੀਮਤ ਉੱਤੇ ਜਾਰੀ ਰੱਖਿਆ ਜਾਵੇ। ਕਈ ਵਾਰ ਟੀਚਾ ਬਦਲਣਾ, ਨਵਾਂ ਰਸਤਾ ਚੁਣਨਾ ਜਾਂ ਸੀਮਤ ਸਰੋਤਾਂ ਦੀ ਰੱਖਿਆ ਕਰਨਾ ਹੀ ਸਮਝਦਾਰੀ ਹੁੰਦੀ ਹੈ।

ਦੂਰ ਦੀ ਸੋਚ ਦਾ ਮਤਲਬ ਭਵਿੱਖ ਦੀ ਹਰ ਘਟਨਾ ਦੀ ਸਹੀ ਭਵਿੱਖਬਾਣੀ ਕਰਨਾ ਨਹੀਂ. ਇਸ ਦਾ ਮਤਲਬ ਬਦਲਦੇ ਹਾਲਾਤਾਂ ਲਈ ਤਿਆਰ ਰਹਿਣਾ ਹੈ।

ਇੱਟ ਤੋਂ ਇਮਾਰਤ ਤੱਕ ਅਤੇ ਇਮਾਰਤ ਤੋਂ ਭਵਿੱਖ ਤੱਕ ਯੂਨੀਵਰਸਿਟੀ ਦੀ ਉਸਾਰੀ ਵਾਲੀ ਕਥਾ ਸਾਨੂੰ ਇੱਕ ਡੂੰਘਾ ਸਵਾਲ ਪੁੱਛਣ ਲਈ ਮਜਬੂਰ ਕਰਦੀ ਹੈ, ਕੀ ਅਸੀਂ ਆਪਣੇ ਕੰਮ ਦੀ ਸਿਰਫ਼ ਉੱਪਰਲੀ ਪਰਤ ਦੇਖ ਰਹੇ ਹਾਂ ਜਾਂ ਉਸ ਦੇ ਪਿੱਛੇ ਲੁਕੇ ਹੋਏ ਉਦੇਸ਼ ਨੂੰ ਵੀ ਕੀ ਸਮਝ ਰਹੇ ਹਾਂ?

ਇੱਕੋ ਇੱਟ ਕਿਸੇ ਲਈ ਮਜ਼ਦੂਰੀ ਦਾ ਹਿੱਸਾ ਹੋ ਸਕਦੀ ਹੈ, ਕਿਸੇ ਲਈ ਨਿਰਮਾਣ ਦੀ ਭਾਗ ਅਤੇ ਕਿਸੇ ਲਈ ਗਿਆਨ ਦੇ ਕੇਂਦਰ ਦੀ ਨੀਂਹ। ਪਰ ਉਸ ਇੱਟ ਨੂੰ ਅਰਥਪੂਰਨ ਬਣਾਉਣ ਲਈ ਮਜ਼ਦੂਰ ਦੀ ਮਿਹਨਤ, ਮਿਸਤਰੀ ਦਾ ਹੁਨਰ, ਇੰਜੀਨੀਅਰ ਦੀ ਯੋਜਨਾ, ਸੰਸਥਾ ਦੀ ਤਰੱਕੀ ਨੂੰ ਬੁਲੰਦੀ ਤੱਕ ਲੈ ਜਾਣ ਦੀ ਸੋਚ ਅਤੇ ਸਮਾਜ ਦੀ ਲੋੜ—ਸਭ ਦਾ ਆਪਣਾ-ਆਪਣਾ ਯੋਗਦਾਨ ਹੈ। ਮਨੁੱਖੀ ਜੀਵਨ ਵਿੱਚ ਸੋਚ ਮਹੱਤਵਪੂਰਨ ਹੈ, ਪਰ ਸੋਚ ਇਕੱਲੀ ਕਾਫ਼ੀ ਨਹੀਂ। ਗਿਆਨ ਤੋਂ ਬਿਨਾਂ ਦੂਰ ਦਾ ਅੰਦਾਜ਼ਾ ਅਧੂਰਾ ਹੈ, ਯੋਜਨਾ ਤੋਂ ਬਿਨਾਂ ਸੁਪਨਾ ਅਸਪਸ਼ਟ ਹੈ ਅਤੇ ਅਮਲ ਤੋਂ ਬਿਨਾਂ ਵਿਚਾਰ ਨਤੀਜਾ ਨਹੀਂ ਬਣ ਸਕਦਾ।

ਇਸ ਲਈ ਸਾਨੂੰ ਆਪਣੀ ਸੋਚ ਨੂੰ ਸਮੇਂ ਤਹਿਤ ਵਿਕਸਿਤ ਕਰਨਾ ਚਾਹੀਦਾ ਹੈ, ਪਰ ਨਾਲ ਹੀ ਆਪਣੀ ਮਿਹਨਤ, ਨਿੱਜੀ ਜ਼ਿੰਮੇਵਾਰੀ ਅਤੇ ਹਕੀਕਤ ਦੀ ਸਮਝ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ।

ਮੰਜ਼ਿਲ ਬਦਲਣ ਲਈ ਪਹਿਲਾਂ ਨਜ਼ਰੀਆ ਬਦਲਣਾ ਲਾਭਕਾਰੀ ਹੈ, ਪਰ ਨਜ਼ਰੀਏ ਨੂੰ ਨਵੀਂ ਹਕੀਕਤ ਵਿੱਚ ਬਦਲਣ ਲਈ ਸਿੱਖਿਆ, ਸਹੀ ਰਣਨੀਤੀ, ਮੌਕੇ ਅਤੇ ਲਗਾਤਾਰ ਨਿਸ਼ਕਾਮ ਕਰਮ ਲਾਜ਼ਮੀ ਹਨ।

ਕਿਉਂਕਿ ਭਵਿੱਖ ਸਿਰਫ਼ ਉਹ ਨਹੀਂ ਜੋ ਸਮਾਂ ਸਾਡੇ ਸਾਹਮਣੇ ਸਮਾਂ ਲਿਆਉਂਦਾ ਹੈ, ਭਵਿੱਖ ਉਹ ਵੀ ਹੈ, ਜਿਸ ਨੂੰ ਅਸੀਂ ਆਪਣੇ ਅੱਜ ਦੇ ਵਿਚਾਰਾਂ, ਫ਼ੈਸਲਿਆਂ ਅਤੇ ਕਰਮਾਂ ਰਾਹੀਂ ਆਕਾਰ ਦੇਣ ਵਿੱਚ ਹਿੱਸਾ ਪਾਇਆ ਹੈ।

# ਜਲੰਧਰ ਵਿੱਚ ਕੌਮਾਂਤਰੀ ਹਾਕੀ ਦਾ ਮਹਾਕੁੰਭ 27 ਅਕਤੂਬਰ ਤੋਂ ਪੰਜਾਬ ਸਰਕਾਰ ਨੇ ਤਿਆਰੀਆਂ ਕੀਤੀਆਂ ਤੇਜ਼

ਚੰਡੀਗੜ੍ਹ, 10 ਅਕਤੂਬਰ, 2026 (ਗੁਰਮੀਤ ਸਿੰਘ ਤੁੰਗ) :

ਪੰਜਾਬ ਵਿੱਚ ਹਾਕੀ ਦੇ ਕੌਮਾਂਤਰੀ ਰੋਮਾਂਚ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਜਲੰਧਰ ਵਿੱਚ 27 ਅਕਤੂਬਰ ਤੋਂ 5 ਨਵੰਬਰ ਤੱਕ ਹੋਣ ਵਾਲੀ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਲਈ ਪੰਜਾਬ ਸਰਕਾਰ ਨੇ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਖੇਡ ਮੁਕਾਬਲੇ ਨੂੰ ਸਫ਼ਲ ਬਣਾਉਣ ਲਈ ਹਰ ਪੱਧਰ 'ਤੇ ਮਿਆਰੀ ਪ੍ਰਬੰਧ ਕੀਤੇ ਜਾਣ।

ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਸਮੀਖਿਆ ਮੀਟਿੰਗ ਵਿੱਚ ਖਿਡਾਰੀਆਂ ਦੀਆਂ ਸਹੂਲਤਾਂ, ਸਟੇਡੀਅਮ ਦੀ ਤਿਆਰੀ, ਸੁਰੱਖਿਆ ਪ੍ਰਬੰਧਾਂ ਅਤੇ ਸ਼ਹਿਰ ਦੀ ਸਫ਼ਾਈ ਵਰਗੇ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰੇ ਸਬੰਧਤ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ, ਤਾਂ ਜੋ ਟੂਰਨਾਮੈਂਟ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਸਥਿਤੀ ਪੈਦਾ ਨਾ ਹੋਵੇ।



**ਛੇ ਦੇਸ਼ਾਂ ਦੇ ਖਿਡਾਰੀ ਦਿਖਾਉਣਗੇ ਹਾਕੀ ਦਾ ਹੁਨਰ**

ਇਸ ਮੁਕਾਬਲੇ ਵਿੱਚ ਭਾਰਤ, ਚੀਨ, ਮਲੇਸ਼ੀਆ, ਜਾਪਾਨ, ਬੰਗਲਾਦੇਸ਼ ਅਤੇ ਦੱਖਣੀ ਕੋਰੀਆ ਦੀਆਂ ਟੀਮਾਂ ਭਾਗ ਲੈਣਗੀਆਂ। ਵੱਖ-ਵੱਖ ਦੇਸ਼ਾਂ ਦੇ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਜਲੰਧਰ ਨੂੰ ਅੰਤਰਰਾਸ਼ਟਰੀ ਖੇਡ ਮੰਚ ਵਜੋਂ ਉਭਰਨ ਦਾ ਮੌਕਾ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਹਾਕੀ ਨਾਲ ਡੂੰਘੀ ਸਾਂਝ ਰਹੀ ਹੈ ਅਤੇ ਇਹ ਟੂਰਨਾਮੈਂਟ ਸੂਬੇ ਦੀ ਖੇਡ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪੇਸ਼ ਕਰਨ ਵਿੱਚ ਸਹਾਇਕ ਹੋਵੇਗਾ। ਇਸ ਲਈ ਖਿਡਾਰੀਆਂ ਨੂੰ ਅਭਿਆਸ ਅਤੇ ਮੁਕਾਬਲਿਆਂ ਦੌਰਾਨ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੱਤਾ ਗਿਆ।

**ਸੜਕਾਂ, ਸਫ਼ਾਈ ਅਤੇ ਆਵਾਜਾਈ 'ਤੇ ਰਹੇਗੀ ਨਜ਼ਰ**

ਕੌਮਾਂਤਰੀ ਪੱਧਰ ਦੇ ਇਸ ਸਮਾਗਮ ਨੂੰ ਧਿਆਨ ਵਿੱਚ ਰੱਖਦਿਆਂ ਜਲੰਧਰ ਅਤੇ ਮੋਹਾਲੀ ਵਿੱਚ ਸਫ਼ਾਈ ਅਤੇ ਸ਼ਹਿਰੀ ਸੁੰਦਰੀਕਰਨ ਲਈ ਵਿਸ਼ੇਸ਼ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਟੇਡੀਅਮ ਵੱਲ ਜਾਣ ਵਾਲੀਆਂ ਸੜਕਾਂ ਦੀ ਸਾਂਭ-ਸੰਭਾਲ, ਜਨਤਕ ਥਾਵਾਂ ਦੀ ਸਫ਼ਾਈ ਅਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸਬੰਧਤ ਨਗਰ ਨਿਗਮਾਂ ਨੂੰ ਸਰਗਰਮ ਰਹਿਣ ਲਈ ਕਿਹਾ ਗਿਆ ਹੈ। ਖਿਡਾਰੀਆਂ, ਕੋਚਾਂ, ਸਹਾਇਕ ਸਟਾਫ਼ ਅਤੇ ਹੋਰ ਵਫ਼ਦਾਂ ਲਈ ਢੁੱਕਵੀਂ ਰਿਹਾਇਸ਼, ਭੋਜਨ ਅਤੇ ਆਵਾਜਾਈ ਦੇ ਪ੍ਰਬੰਧ ਕਰਨ ਦੇ ਨਾਲ-ਨਾਲ ਹੋਟਲਾਂ ਅਤੇ ਮੈਚ ਸਥਲਾਂ ਵਿਚਕਾਰ ਆਉਣ-ਜਾਣ ਦੀ ਵਿਵਸਥਾ ਨੂੰ ਵੀ ਸੁਚਾਰੂ ਰੱਖਣ ਦੀ ਯੋਜਨਾ ਹੈ।

**ਨੌਜਵਾਨਾਂ ਨੂੰ ਹਾਕੀ ਨਾਲ ਜੋੜਨ ਦੀ ਪਹਿਲ**

ਟੂਰਨਾਮੈਂਟ ਦੌਰਾਨ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਸ਼ਮੂਲੀਅਤ ਵਧਾਉਣ ਲਈ ਵੀ ਯੋਜਨਾ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਉਦੇਸ਼ ਹੈ ਕਿ ਨੌਜਵਾਨ ਕੌਮਾਂਤਰੀ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਨੇੜਿਓਂ ਦੇਖਣ ਅਤੇ ਹਾਕੀ ਪ੍ਰਤੀ ਉਨ੍ਹਾਂ ਦੀ ਦਿਲਚਸਪੀ ਵਧੇ। ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਟਰਾਫੀ ਟੂਰ ਕਰਵਾਉਣ ਦੀ ਯੋਜਨਾ ਵੀ ਵਿਚਾਰ ਅਧੀਨ ਹੈ। ਵਿਸ਼ੇਸ਼ ਵਾਹਨ ਰਾਹੀਂ ਟਰਾਫੀ ਨੂੰ ਵੱਖ-ਵੱਖ ਇਲਾਕਿਆਂ ਵਿੱਚ ਲਿਜਾ ਕੇ ਲੋਕਾਂ ਨੂੰ ਇਸ ਖੇਡ ਸਮਾਗਮ ਨਾਲ ਜੋੜਨ ਅਤੇ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।



**ਪ੍ਰਬੰਧਾਂ ਦੀ ਨਿਗਰਾਨੀ ਲਈ ਕਮੇਟੀ**

ਸੁਰੱਖਿਆ, ਟ੍ਰੈਫਿਕ ਅਤੇ ਹੋਰ ਜਨਤਕ ਸਹੂਲਤਾਂ ਦੀ ਨਿਯਮਤ ਸਮੀਖਿਆ ਕਰਨ ਦੇ ਨਾਲ-ਨਾਲ ਤਿਆਰੀਆਂ ਵਿੱਚ ਸਾਹਮਣੇ ਆਉਣ ਵਾਲੀਆਂ ਕਮੀਆਂ ਨੂੰ ਸਮੇਂ ਸਿਰ ਦੂਰ ਕਰਨ ਲਈ ਕਿਹਾ ਗਿਆ ਹੈ। ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਪ੍ਰਬੰਧਕਾਂ ਵਿਚਕਾਰ ਤਾਲਮੇਲ ਬਣਾਈ ਰੱਖਣ ਵਾਸਤੇ ਵਿਸ਼ੇਸ਼ ਕਮੇਟੀ ਗਠਿਤ ਕਰਨ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ।

ਮੀਟਿੰਗ ਵਿੱਚ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਖੇਡ ਸਕੱਤਰ ਵਰੁਣ ਰੂਜਮ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਪੁਨੀਤ ਗੋਇਲ ਸਮੇਤ ਹੋਰ ਸੀਨੀਅਰ





# ਪੋਲੀਟਿਕਸ



## ਮੇਰਾ ਘਰ ਮੇਰੇ ਨਾਮ' ਸਕੀਮ ਲਾਲ ਲਕੀਰ ਅੰਦਰ ਵੱਸਦੇ ਲੋਕਾਂ ਨੂੰ ਅਸਲ ਮਾਲਕ ਬਣਾ ਕੇ ਮਾਨ ਸਰਕਾਰ ਨੇ ਨਿਭਾਇਆ ਵਾਅਦਾ: ਹਡਾਣਾ

10 ਅਕਤੂਬਰ, 2026
(ਪਟਵਾਰੀ ਸੰਧੂ)



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਦੇ ਵਸਨੀਕਾਂ ਨੂੰ ਜਾਇਦਾਦਾਂ ਦੇ ਕਾਨੂੰਨੀ ਹੱਕ ਦੇਣ ਦੇ ਮੰਤਵ ਨਾਲ ਵਿੱਢੀ ਮੁਹਿੰਮ 'ਮੇਰਾ ਘਰ ਮੇਰੇ ਨਾਮ' ਤਹਿਤ ਅੱਜ ਹਲਕਾ ਸਨੌਰ ਦੇ ਪਿੰਡ ਬੋਸਰ ਖੁਰਦ ਅਤੇ ਸਲੇਮਪੁਰ ਜੱਟਾਂ ਵਿਖੇ ਕਰਵਾਏ ਸਾਦੇ ਪ੍ਰੋਗਰਾਮ ਦੌਰਾਨ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਸੌਂਪੇ।

ਇਸ ਦੌਰਾਨ ਪਿੰਡ ਬੋਸਰ ਖੁਰਦ ਵਿਖੇ 95 ਪਰਿਵਾਰਾਂ ਅਤੇ ਸਲੇਮਪੁਰ ਜੱਟਾਂ ਵਿਖੇ 108 ਯੋਗ ਲਾਭਪਾਤਰੀਆਂ ਨੂੰ ਮਾਲਕੀ ਅਧਿਕਾਰ ਵਾਲੇ ਕਾਰਡ ਤਕਸੀਮ ਕੀਤੇ ਗਏ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਹੈਪੀ ਪਹਾੜੀਪੁਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁੰਮਣ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਲਾਲ ਲਕੀਰ ਅੰਦਰ ਪੀੜ੍ਹੀਆਂ ਤੋਂ ਵੱਸ ਰਹੇ ਪਰਿਵਾਰ ਆਪਣੇ ਹੀ ਘਰਾਂ ਦੇ ਕਾਨੂੰਨੀ ਦਸਤਾਵੇਜ਼ਾਂ ਤੋਂ ਵਾਂਝੇ ਸਨ, ਜਿਸ ਕਾਰਨ ਉਨ੍ਹਾਂ ਨੂੰ ਜਾਇਦਾਦ ਦੇ ਵਿਵਾਦਾਂ ਅਤੇ ਬੈਂਕ ਕਰਜ਼ਿਆਂ ਸਬੰਧੀ ਵੱਡੀਆਂ ਦਿੱਕਤਾਂ ਝੱਲਣੀਆਂ ਪੈਂਦੀਆਂ ਸਨ।

ਮਾਨ ਸਰਕਾਰ ਨੇ ਜ਼ਮੀਨੀ ਪੱਧਰ 'ਤੇ ਪ੍ਰਾਪਰਟੀ ਕਾਰਡ ਦੇ ਕੇ ਲੋਕਾਂ ਨੂੰ ਅਸਲ ਮਾਲਕੀ ਹੱਕ ਦਿਵਾਏ ਹਨ, ਜਿਸ ਨਾਲ ਹੁਣ ਲੋਕ ਬਿਨਾਂ ਕਿਸੇ ਅੜਚਣ ਦੇ ਬੈਂਕ ਸਹੂਲਤਾਂ ਹਾਸਲ ਕਰ ਸਕਣਗੇ ਅਤੇ ਜਾਇਦਾਦ



ਸਬੰਧੀ ਝਗੜਿਆਂ ਦਾ ਵੀ ਸਥਾਈ ਹੱਲ ਹੋਵੇਗਾ।

ਇਸ ਦੌਰਾਨ ਪਿੰਡ ਵਾਸੀਆਂ ਤੇ ਪੰਚਾਇਤਾਂ ਨੇ ਇਸ ਲੋਕ-ਪੱਖੀ ਉਪਰਾਲੇ ਲਈ ਪੰਜਾਬ ਸਰਕਾਰ ਅਤੇ ਹਲਕਾ ਇੰਚਾਰਜ ਦਾ ਵਿਸ਼ੇਸ਼ ਧੰਨਵਾਦ ਪ੍ਰਗਟਾਇਆ। ਪ੍ਰੋਗਰਾਮ ਦੌਰਾਨ ਪਾਰਟੀ ਅਹੁਦੇਦਾਰ, ਬਲਾਕ ਪ੍ਰਧਾਨ, ਬੂਥ ਇੰਚਾਰਜ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਪੁਲਿਸ ਵੱਲੋਂ 19 ਹਾਟ-ਸਪਾਟਸ 'ਤੇ ਕਾਸੋ, 31 ਮੁਲਜ਼ਮ ਗ੍ਰਿਫ਼ਤਾਰ

### ਨਸ਼ਾ ਤਸਕਰੀ ਵਿਰੁੱਧ ਕਾਰਵਾਈ ਦੌਰਾਨ 28 ਕੇਸ ਦਰਜ, ਹੈਰੋਇਨ ਸਮੇਤ ਵੱਖ-ਵੱਖ ਨਸ਼ੀਲੇ ਪਦਾਰਥ ਬਰਾਮਦ

ਪਟਿਆਲਾ, 10 ਅਕਤੂਬਰ
(ਗੁਰਮੀਤ ਸਿੰਘ ਤੁੰਗ)

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਪਟਿਆਲਾ ਪੁਲਿਸ ਵੱਲੋਂ ਸਿਵਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਕਾਰਵਾਈ ਕਰਦਿਆਂ 19 ਹਾਟ-ਸਪਾਟਸ 'ਤੇ ਕੋਰਡਨ ਐਂਡ ਸਰਚ ਆਪ੍ਰੇਸ਼ਨ (ਕਾਸੋ) ਚਲਾਇਆ ਗਿਆ। ਇਸ ਕਾਰਵਾਈ ਦੌਰਾਨ ਐਨ.ਡੀ.ਪੀ.ਐੱਸ. ਐਕਟ ਤਹਿਤ 28 ਮੁਕੱਦਮੇ ਦਰਜ ਕਰਕੇ 31 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਵੱਖ-ਵੱਖ ਤਰ੍ਹਾਂ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ।

### ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨੇ ਖੁਦ ਕੀਤੀ ਅਗਵਾਈ

ਪੰਜਾਬ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਲਾਅ ਐਂਡ ਆਰਡਰ ਅਤੇ ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਕੁਲਦੀਪ ਸਿੰਘ ਚਹਿਲ, ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਇਹ ਮੁਹਿੰਮ ਚਲਾਈ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਅਤੇ ਸੀਨੀਅਰ ਕਪਤਾਨ ਪੁਲਿਸ ਹਰਮਨਦੀਪ ਸਿੰਘ ਹਾਂਸ ਨੇ ਖੁਦ ਅਗਵਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕਪਤਾਨ ਪੁਲਿਸ (ਸਿਟੀ) ਮੋਹਿਤ ਅਗਰਵਾਲ ਵੀ ਮੌਜੂਦ ਸਨ। ਪੁਲਿਸ ਟੀਮਾਂ ਨੇ ਅਬਲੋਵਾਲ ਅਤੇ ਭਰਤ ਨਗਰ, ਪਟਿਆਲਾ ਵਿਖੇ ਨਸ਼ਿਆਂ ਦੇ ਹਾਟ-ਸਪਾਟਸ 'ਤੇ ਭਾਰੀ



ਪੁਲਿਸ ਫੋਰਸ ਨਾਲ ਸਰਚ ਆਪ੍ਰੇਸ਼ਨ ਚਲਾਇਆ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ ਵਿੱਚ 18 ਹੋਰ ਹਾਟ-ਸਪਾਟਸ 'ਤੇ ਵੀ ਪੁਲਿਸ ਟੀਮਾਂ ਤਾਇਨਾਤ ਕਰਕੇ ਤਲਾਸ਼ੀ ਮੁਹਿੰਮ ਚਲਾਈ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਅਰੰਭੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਉਦੇਸ਼ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ 'ਤੇ ਰੋਕ ਲਗਾਉਣਾ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨਾ ਹੈ।

ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਕੁੱਲ 46 ਗ੍ਰਾਮ ਹੈਰੋਇਨ, 53 ਗ੍ਰਾਮ ਨਸ਼ੀਲਾ ਪਾਊਡਰ, 160 ਨਸ਼ੀਲੀਆਂ ਗੋਲੀਆਂ ਅਤੇ 30 ਗ੍ਰਾਮ ਸੁਲਫਾ ਬਰਾਮਦ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਅਜਿਹੇ ਸਰਚ ਆਪ੍ਰੇਸ਼ਨ ਲਗਾਤਾਰ ਜਾਰੀ ਰਹਿਣਗੇ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਗੁਰਮਤਿ ਧਾਰਮਿਕ ਸਮਾਗਮ ਭਾਈ ਚਮਨਜੀਤ ਸਿੰਘ ਲਾਲ ਜੀ ਦੇ ਕੀਰਤਨ ਨੇ ਮੋਹੀ ਦਿੱਲੀ ਦੀ ਸੰਗਤ



ਸ਼੍ਰੀ ਪਟਨਾ ਸਾਹਿਬ 9 ਅਕਤੂਬ'ਰ (ਸ਼ਹੀਦ-ਏ-ਆਜ਼ਮ ਬਿਓਰੋ): ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸਜੇ ਗੁਰਮਤਿ ਦੀਵਾਨ ਦੌਰਾਨ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਚਮਨਜੀਤ ਸਿੰਘ ਜੀ ਲਾਲ ਦਿੱਲੀ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਦਿਆਂ ਆਪਣੀ ਮਧੁਰ ਅਤੇ ਰਸਭਿੰਨੀ ਆਵਾਜ਼ ਵਿੱਚ ਗੁਰਬਾਣੀ ਦੇ ਮਨੋਹਰ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਸਮੁੱਚਾ ਗੁਰੂ ਦਰਬਾਰ ਗੁਰਬਾਣੀ ਦੇ ਰਸਭਿੰਨੇ ਕੀਰਤਨ ਨਾਲ ਗੂੰਜ ਉੱਠਿਆ ਅਤੇ ਗੁਰੂ ਘਰ ਵਿੱਚ ਜੁੜ ਬੈਠੀ ਸੰਗਤ ਨੇ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ। ਭਾਈ ਚਮਨਜੀਤ ਸਿੰਘ ਜੀ ਲਾਲ ਦਿੱਲੀ ਵਾਲਿਆਂ ਵੱਲੋਂ ਕੀਤੇ ਗਏ ਸ਼ਬਦ ਕੀਰਤਨ ਨੇ ਸੰਗਤ ਨੂੰ ਗੁਰੂ ਸਾਹਿਬ ਦੀ ਬਾਣੀ ਨਾਲ ਜੋੜਦਿਆਂ ਆਤਮਿਕ ਸ਼ਾਂਤੀ ਅਤੇ ਅਧਿਆਤਮਿਕ ਆਨੰਦ ਦੀ ਅਨੁਭੂਤੀ ਕਰਵਾਈ। ਸੰਗਤ ਨੇ ਪੂਰੀ ਇਕਾਗਰਤਾ ਅਤੇ ਸ਼ਰਧਾ ਨਾਲ ਗੁਰਬਾਣੀ ਦਾ ਸਰਵਣ ਕੀਤਾ। ਇਤਿਹਾਸਕ ਤਖ਼ਤ ਸਾਹਿਬ ਵਿਖੇ ਸਜੇ ਇਸ ਗੁਰਮਤਿ ਦੀਵਾਨ ਦੌਰਾਨ ਗੁਰੂ ਸਾਹਿਬ ਦੀ ਮਹਿਮਾ ਅਤੇ ਗੁਰਬਾਣੀ ਦੇ ਉਪਦੇਸ਼ਾਂ ਦੀ ਸਾਂਝ ਨੇ ਸੰਗਤ ਨੂੰ ਗੁਰੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਸਰਦਾਰ ਇੰਦਰਜੀਤ ਸਿੰਘ ਅਤੇ ਸਕੱਤਰ ਸਰਦਾਰ ਹਰਬੰਸ ਸਿੰਘ ਨੇ ਭਾਈ ਚਮਨਜੀਤ ਸਿੰਘ ਜੀ ਦੇ ਕੀਰਤਨੀ ਜਥੇ ਨੂੰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਵਜੋਂ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਭਾਈ ਸਾਹਿਬ ਅਤੇ ਉਨ੍ਹਾਂ ਦੇ ਜਥੇ ਵੱਲੋਂ ਗੁਰੂ ਘਰ ਵਿੱਚ ਹਾਜ਼ਰੀ ਭਰਨ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨ ਲਈ ਧੰਨਵਾਦ ਵੀ ਪ੍ਰਗਟ ਕੀਤਾ।

ਤਖ਼ਤ ਸਾਹਿਬ ਦੇ ਜਨਰਲ ਸਕੱਤਰ ਸਰਦਾਰ ਇੰਦਰਜੀਤ ਸਿੰਘ ਨੇ ਕਿਹਾ ਕਿ ਭਾਈ ਚਮਨਜੀਤ ਸਿੰਘ ਜੀ ਲਾਲ ਦਿੱਲੀ ਵਾਲੇ ਪੰਥ ਦੇ ਪ੍ਰਸਿੱਧ ਕੀਰਤਨੀਏ ਹਨ, ਜੋ ਆਪਣੀ ਸੁਰੀਲੀ ਆਵਾਜ਼ ਅਤੇ ਪ੍ਰਭਾਵਸ਼ਾਲੀ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਦੀ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਭਾਈ ਸਾਹਿਬ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਕੀਰਤਨ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਤਾਂ ਉਹ ਸਮਾਂ ਕੱਢ ਕੇ ਗੁਰੂ ਘਰ ਵਿੱਚ ਜ਼ਰੂਰ ਹਾਜ਼ਰੀ ਭਰਦੇ ਹਨ ਅਤੇ ਆਪਣੇ ਮਨੋਹਰ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਸਾਹਿਬ ਦੀ ਬਾਣੀ ਨਾਲ ਜੋੜਦੇ ਹਨ।

ਉਨ੍ਹਾਂ ਨੇ ਕਿਹਾ ਕਿ ਗੁਰਬਾਣੀ ਕੀਰਤਨ ਸਿੱਖ ਧਰਮ ਦੀ ਅਮੀਰ ਅਧਿਆਤਮਿਕ ਪਰੰਪਰਾ ਦਾ ਅਹਿਮ ਹਿੱਸਾ ਹੈ। ਕੀਰਤਨ ਰਾਹੀਂ ਗੁਰੂ ਸਾਹਿਬ ਦੀ ਬਾਣੀ ਦੇ ਸੰਦੇਸ਼ ਨੂੰ ਸੰਗਤ ਤੱਕ ਪਹੁੰਚਾਉਣ ਦੇ ਨਾਲ-ਨਾਲ ਮਨੁੱਖ ਨੂੰ ਸੱਚ, ਸੇਵਾ, ਨਿਮਰਤਾ, ਆਪਸੀ ਪਿਆਰ ਅਤੇ ਭਾਈਚਾਰੇ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਨੇ ਭਾਈ ਚਮਨਜੀਤ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ ਵੱਲੋਂ ਨਿਭਾਈ ਜਾ ਰਹੀ ਗੁਰਮਤਿ ਪ੍ਰਚਾਰ ਦੀ ਸੇਵਾ ਦੀ ਸ਼ਲਾਘਾ ਕੀਤੀ।

ਇਸ ਮੌਕੇ ਭਾਈ ਚਮਨਜੀਤ ਸਿੰਘ ਜੀ ਲਾਲ ਦਿੱਲੀ ਵਾਲਿਆਂ ਨੇ ਕਿਹਾ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਕੀਰਤਨ ਕਰਨ ਦਾ ਮੌਕਾ ਮਿਲਣਾ ਵੱਡੇ ਭਾਗਾਂ ਵਾਲੀ ਗੱਲ ਹੈ। ਇਹ ਪਾਵਨ ਅਸਥਾਨ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ ਅਤੇ ਇੱਥੇ ਆ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰੀ ਭਰਨਾ ਹਰ ਗੁਰੂ ਨਾਨਕ ਨਾਮ ਲੇਵਾ ਲਈ ਮਾਣ ਅਤੇ ਸ਼ਰਧਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿੱਚ ਕੀਤੀ ਜਾਣ ਵਾਲੀ ਸੇਵਾ ਮਨੁੱਖ ਨੂੰ ਨਿਮਰਤਾ ਅਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਭਾਈ ਸਾਹਿਬ ਨੇ ਸੰਗਤ ਨੂੰ ਅਪੀਲ ਕੀਤੀ ਕਿ ਸਿੱਖ ਧਰਮ ਦੇ ਇਤਿਹਾਸ ਨਾਲ ਜੁੜੇ ਪਾਵਨ ਗੁਰਧਾਮਾਂ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਨ ਨਾਲ ਜਿੱਥੇ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ, ਉੱਥੇ ਹੀ ਮਨ ਵਿੱਚ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਤੇ ਸਿੱਖੀ ਸਿਧਾਂਤਾਂ ਪ੍ਰਤੀ ਸਮਰਪਣ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ। ਉਨ੍ਹਾਂ ਨੇ ਸੰਗਤ ਨੂੰ ਗੁਰਬਾਣੀ ਨਾਲ ਜੁੜਨ, ਗੁਰੂ ਘਰਾਂ ਵਿੱਚ ਹਾਜ਼ਰੀ ਭਰਨ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ।



## ਅੰਮ੍ਰਿਤਸਰ ਦਿਹਾਤੀ ਪੁਲਿਸ ਦੀ ਵੱਡੀ ਕਾਰਵਾਈ: 4 ਮੁਲਜ਼ਮ ਗ੍ਰਿਫ਼ਤਾਰ, 15 ਕਿਲੋ ਅਫ਼ੀਮ ਤੇ 10 ਹਥਿਆਰ ਬਰਾਮਦ

ਅੰਮ੍ਰਿਤਸਰ, 10 ਅਕਤੂਬਰ, 2026
(ਗੁਰਮੀਤ ਸਿੰਘ ਤੁੰਗ):

ਪੰਜਾਬ ਵਿੱਚ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਅਹਿਮ ਕਾਰਵਾਈ ਕਰਦਿਆਂ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੌਰਾਨ 15 ਕਿਲੋ ਅਫ਼ੀਮ, ਇੱਕ ਐਮ-16 ਰਾਈਫਲ, ਨੌਂ ਗੈਰ-ਕਾਨੂੰਨੀ ਪਿਸਤੌਲ ਅਤੇ 25 ਜ਼ਿੰਦਾ ਕਾਰਤੂਸ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਆਪਣੇ ਅਧਿਕਾਰਤ ਐਕਸ (X ) ਖਾਤੇ ਰਾਹੀਂ ਇਸ ਕਾਰਵਾਈ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਅਨੁਸਾਰ, ਪੁਲਿਸ ਦੀ ਜਾਂਚ ਦੌਰਾਨ ਦੋ ਕਥਿਤ ਨੈੱਟਵਰਕਾਂ ਦਾ ਪਰਦਾਫਾਸ਼ ਹੋਇਆ ਹੈ, ਜੋ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਹੋਣ ਦੇ ਸ਼ੱਕ ਹੇਠ ਹਨ।

ਪੁਲਿਸ ਦੀ ਮੁੱਢਲੀ ਜਾਂਚ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਵਿਦੇਸ਼ਾਂ ਵਿੱਚ ਬੈਠੇ ਕਥਿਤ ਤਸਕਰਾਂ ਨਾਲ ਸੰਪਰਕ ਹੋਣ ਦੀ ਗੱਲ ਸਾਹਮਣੇ



ਆਈ ਹੈ। ਜਾਂਚ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਮੁਲਜ਼ਮਾਂ ਨੂੰ ਹਥਿਆਰ ਕਿੱਥੋਂ ਮਿਲਦੇ ਸਨ, ਉਨ੍ਹਾਂ ਦੀ ਸਪਲਾਈ ਕਿਨ੍ਹਾਂ ਲੋਕਾਂ ਤੱਕ ਕੀਤੀ ਜਾਂਦੀ ਸੀ ਅਤੇ ਇਸ ਪੂਰੇ ਨੈੱਟਵਰਕ ਦੇ ਪਿੱਛੇ ਕੌਣ-ਕੌਣ ਸਰਗਰਮ ਸੀ। ਪੁਲਿਸ ਵੱਲੋਂ ਮੁਲਜ਼ਮਾਂ ਦੇ ਪੁਰਾਣੇ ਸੰਪਰਕਾਂ ਅਤੇ ਸੰਭਾਵਿਤ ਸਹਿਯੋਗੀਆਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਨਾਲ ਜੁੜੀਆਂ ਕੜੀਆਂ ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਤਸਕਰੀ ਦੇ ਪੂਰੇ ਜਾਲ ਦਾ ਪਤਾ ਲਗਾਇਆ ਜਾ ਸਕੇ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧਿਕ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਚਨਬੱਧ ਹੈ। ਪੁਲਿਸ ਵੱਲੋਂ ਦੋਵਾਂ ਮਾਮਲਿਆਂ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੂੰ ਉਮੀਦ ਹੈ ਕਿ ਜਾਂਚ ਅੱਗੇ ਵਧਣ ਨਾਲ ਤਸਕਰੀ ਦੇ ਸਰੋਤਾਂ, ਹਥਿਆਰਾਂ ਦੀ ਸਪਲਾਈ ਅਤੇ ਇਸ ਗਤੀਵਿਧੀ ਵਿੱਚ ਕਥਿਤ ਤੌਰ 'ਤੇ ਸ਼ਾਮਲ ਹੋਰ ਵਿਅਕਤੀਆਂ ਬਾਰੇ ਹੋਰ ਜਾਣਕਾਰੀ ਸਾਹਮਣੇ ਆਵੇਗੀ। ਫਿਲਹਾਲ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਰੁੱਧ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੋਸ਼ਾਂ ਸਬੰਧੀ ਅੰਤਿਮ ਨਤੀਜਾ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਹੀ ਸਾਹਮਣੇ ਆਵੇਗਾ।

## ਭਾਰਤ ਦੀ ਪੁਰਾਤਨ ਸੱਭਿਆਚਾਰਕ ਵਿਰਸੇ ਜਾਦੂ ਕਲਾ ਨੂੰ ਸੰਭਾਲਣਾ ਸਾਡੀ ਸਭ ਦੀ ਜ਼ਿੰਮੇਵਾਰੀ: ਨਵੀਨ ਜਿੰਦਲ, ਜਾਦੂਗਰ ਸਮਰਾਟ ਸ਼ੰਕਰ ਨੇ ਦਿਖਾਏ ਜਾਦੂ

ਹਰਿਆਣਾ- 10 ਅਕਤੂਬਰ, 2026
(ਸੰਜੀਵ ਸ਼ਰਮਾ)

ਕੁਰੂਕਸ਼ੇਤਰ, 10 ਅਕਤੂਬਰ: ਕੁਰੂਕਸ਼ੇਤਰ ਲੋਕ ਸਭਾ ਹਲਕੇ ਦੇ ਸੰਸਦ ਮੈਂਬਰ ਨਵੀਨ ਜਿੰਦਲ ਨੇ ਕਿਹਾ ਹੈ ਕਿ ਜਾਦੂ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੈ, ਸਗੋਂ ਇਹ ਭਾਰਤ ਦੀ ਪੁਰਾਤਨ ਕਲਾ ਅਤੇ ਸੱਭਿਆਚਾਰਕ ਵਿਰਸੇ ਦਾ ਇੱਕ ਅਹਿਮ ਹਿੱਸਾ ਹੈ।

ਜਾਦੂਗਰ ਸਮਰਾਟ ਸ਼ੰਕਰ ਵਰਗੇ ਕਲਾਕਾਰਾਂ ਨੇ ਇਸ ਕਲਾ ਨੂੰ ਨਾ ਸਿਰਫ਼ ਭਾਰਤ ਵਿੱਚ ਸਗੋਂ ਪੂਰੀ ਦੁਨੀਆ ਵਿੱਚ ਇੱਕ ਨਵੀਂ ਪਛਾਣ ਦਿਵਾਈ ਹੈ। ਉਨ੍ਹਾਂ ਕਿਹਾ ਕਿ ਅੱਜ ਦੇ



ਡਿਜੀਟਲ ਯੁੱਗ ਵਿੱਚ ਜਿੱਥੇ ਬੱਚੇ ਮੋਬਾਈਲ ਅਤੇ ਇੰਟਰਨੈੱਟ ਵਿੱਚ ਉਲਝੇ ਹੋਏ ਹਨ, ਅਜਿਹੇ ਵਿੱਚ ਇਸ ਤਰ੍ਹਾਂ ਦੇ ਲਾਈਵ ਸ਼ੋਅ, ਜਾਦੂ ਕਲਾ, ਰੰਗਮੰਚ ਅਤੇ ਲੋਕ ਕਲਾਵਾਂ ਸਾਡੇ ਸਮਾਜ ਨੂੰ ਜੋੜਨ ਦਾ ਕੰਮ ਕਰਦੀਆਂ ਹਨ।

ਸੰਸਦ ਮੈਂਬਰ ਨਵੀਨ ਜਿੰਦਲ ਸ਼ਨੀਵਾਰ ਨੂੰ ਕੁਰੂਕਸ਼ੇਤਰ ਦੇ ਕਲਾਕ੍ਰਿਤੀ ਭਵਨ ਸਥਿਤ ਭਰਤ



ਮੁਨੀ ਰੰਗਸ਼ਾਲਾ ਵਿੱਚ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਦੇ ਸਹਿਯੋਗ ਨਾਲ ਆਯੋਜਿਤ ਵਿਸ਼ਵ ਪ੍ਰਸਿੱਧ ਜਾਦੂਗਰ ਸਮਰਾਟ ਸ਼ੰਕਰ ਦੇ ਸ਼ਾਨਦਾਰ ਜਾਦੂ ਸ਼ੋਅ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਸੰਸਦ ਮੈਂਬਰ ਨਵੀਨ ਜਿੰਦਲ ਨੇ ਦੀਪ ਪ੍ਰਜਵਲਿਤ ਕਰਕੇ ਪ੍ਰੋਗਰਾਮ ਦੀ ਵਿਧੀਵਤ ਸ਼ੁਰੂਆਤ ਕੀਤੀ।

ਸੰਸਦ ਮੈਂਬਰ ਨਵੀਨ ਜਿੰਦਲ ਨੇ ਕਿਹਾ ਕਿ ਹਰਿਆਣਾ ਸਰਕਾਰ ਅਤੇ ਸੂਚਨਾ ਜਨਸੰਪਰਕ ਵਿਭਾਗ ਵੱਲੋਂ ਇਸ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਇੱਕ ਸ਼ਲਾਘਾਯੋਗ ਪਹਿਲ ਹੈ। ਇਸ ਨਾਲ ਇੱਕ ਪਾਸੇ ਜਿੱਥੇ ਆਮ ਲੋਕਾਂ ਨੂੰ ਤੰਦਰੁਸਤ ਮਨੋਰੰਜਨ ਮਿਲਦਾ ਹੈ, ਉੱਥੇ ਹੀ ਦੂਜੇ ਪਾਸੇ ਸਾਡੀਆਂ ਅਲੋਪ ਹੋ ਰਹੀਆਂ ਲੋਕ ਕਲਾਵਾਂ ਨੂੰ ਵੀ ਮੰਚ ਮਿਲਦਾ ਹੈ। ਉਨ੍ਹਾਂ ਜਾਦੂਗਰ ਸਮਰਾਟ ਸ਼ੰਕਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਮਰਾਟ ਸ਼ੰਕਰ ਨੇ ਆਪਣੀ ਜਾਦੂ ਕਲਾ ਨਾਲ ਲੱਖਾਂ ਲੋਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਬਿਖੇਰੀ ਹੈ ਅਤੇ ਨੌਜਵਾਨਾਂ ਨੂੰ ਇਸ ਕਲਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ।

ਸੰਸਦ ਮੈਂਬਰ ਨਵੀਨ ਜਿੰਦਲ ਨੇ ਕਿਹਾ ਕਿ ਕੁਰੂਕਸ਼ੇਤਰ ਧਰਮਕਸ਼ੇਤਰ ਹੋਣ ਦੇ ਨਾਲ-ਨਾਲ ਕਲਾ ਅਤੇ ਸੱਭਿਆਚਾਰ ਦਾ ਵੀ ਕੇਂਦਰ ਹੈ ਅਤੇ ਭਵਿੱਖ ਵਿੱਚ ਇੱਥੇ ਅਜਿਹੇ ਹੋਰ ਵੀ ਵੱਡੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

ਇਸ ਦੌਰਾਨ ਵਿਸ਼ਵ ਪ੍ਰਸਿੱਧ ਜਾਦੂਗਰ ਸਮਰਾਟ ਸ਼ੰਕਰ ਨੇ ਆਪਣੀਆਂ ਜਾਦੂਈ ਪੇਸ਼ਕਾਰੀਆਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਉਨ੍ਹਾਂ ਆਪਣੇ ਸ਼ੋਅ ਵਿੱਚ ਅਦ੍ਰਿਸ਼ ਹੋਣਾ, ਵਸਤੂਆਂ ਨੂੰ ਗਾਇਬ ਕਰਨਾ, ਫੁੱਲਾਂ ਦੀ ਵਰਖਾ, ਕਬੂਤਰ ਨੂੰ ਪ੍ਰਗਟ ਕਰਨਾ, ਰੱਸੀ ਦਾ ਜਾਦੂ, ਪਾਣੀ ਦਾ ਜਾਦੂ ਅਤੇ ਲੋਕਾਂ ਨੂੰ ਹਵਾ ਵਿੱਚ ਉਡਾਉਣ ਵਰਗੇ ਹੈਰਾਨ ਕਰਨ ਵਾਲੇ ਕਰਤੱਬ ਦਿਖਾਏ। ਲਗਭਗ ਦੋ ਘੰਟੇ ਤੱਕ ਚੱਲੇ ਇਸ ਸ਼ੋਅ ਦੌਰਾਨ ਪੂਰੀ ਭਰਤ ਮੁਨੀ ਰੰਗਸ਼ਾਲਾ ਤਾਲੀਆਂ ਦੀ ਗੜਗੜਾਹਟ ਨਾਲ ਗੂੰਜਦੀ ਰਹੀ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਾਰਿਆਂ ਨੇ ਇਸ ਸ਼ੋਅ ਦਾ ਭਰਪੂਰ ਆਨੰਦ ਲਿਆ। ਜਾਦੂਗਰ ਸਮਰਾਟ ਸ਼ੰਕਰ ਨੇ ਆਪਣੀ ਕਲਾ ਦੇ ਨਾਲ-ਨਾਲ ਸਮਾਜਿਕ ਸੁਨੇਹੇ ਵੀ ਦਿੱਤੇ, ਜਿਸ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ, ਨਸ਼ਾ ਮੁਕਤੀ ਅਤੇ ਸਵੱਛਤਾ ਦਾ ਸੁਨੇਹਾ ਪ੍ਰਮੁੱਖ ਰਿਹਾ।






# ਹਰਿਆਣਾ ਖ਼ਬਰਨਾਮਾ



## ਸਥਾਨਕ ਸਰਕਾਰਾਂ ਨੂੰ 6ਵੇਂ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਵੰਡੀ ਜਾਵੇਗੀ ਰਾਸ਼ੀ: ਹਰਿਆਣਾ ਮੰਤਰੀ ਮੰਡਲ ਨੇ ਦਿੱਤੀ ਮਨਜ਼ੂਰੀ CM ਨਾਇਬ ਸਿੰਘ ਸੈਣੀ

ਹਰਿਆਣਾ- 10 ਅਕਤੂਬਰ, 2026
(ਸੰਜੀਵ ਸ਼ਰਮਾ)

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਹੋਈ ਹਰਿਆਣਾ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿੱਤੀ ਸਾਲ 2026-27 ਤੋਂ ਅਗਲੇ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪ੍ਰਾਪਤ ਹੋਣ ਤੱਕ ਗ੍ਰਾਮੀਣ ਅਤੇ ਸ਼ਹਿਰੀ ਸਥਾਨਕ ਸਰਕਾਰਾਂ/ਸੰਸਥਾਵਾਂ ਨੂੰ ਗ੍ਰਾਂਟ ਵੰਡਣ ਲਈ ਛੇਵੇਂ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਜਾਰੀ ਰੱਖਣ ਦੀ ਮਨਜ਼ੂਰੀ ਦਿੱਤੀ ਗਈ।

ਇਹ ਫ਼ੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਸੱਤਵੇਂ ਰਾਜ ਵਿੱਤ ਕਮਿਸ਼ਨ ਤੋਂ ਅਜੇ ਤੱਕ ਰਾਜ ਸਰਕਾਰ ਨੂੰ ਰਿਪੋਰਟ ਪ੍ਰਾਪਤ ਨਹੀਂ ਹੋਈ ਹੈ। ਅਜਿਹੇ ਵਿੱਚ, ਪਹਿਲਾਂ ਅਪਣਾਈ ਗਈ ਵਿਵਸਥਾ ਦੇ ਅਨੁਸਾਰ, ਅਗਲੇ ਰਾਜ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮਿਲਣ ਤੱਕ ਸਥਾਨਕ ਸਰਕਾਰਾਂ ਨੂੰ ਫੰਡ/ਗ੍ਰਾਂਟ ਛੇਵੇਂ ਰਾਜ ਵਿੱਤ ਕਮਿਸ਼ਨ ਦੀਆਂ ਪ੍ਰਵਾਨਿਤ ਸਿਫ਼ਾਰਸ਼ਾਂ ਦੇ ਅਨੁਸਾਰ ਹੀ ਵੰਡੇ ਜਾਣਗੇ।

ਪ੍ਰਵਾਨਿਤ ਵਿਵਸਥਾ ਤਹਿਤ ਰਾਜ ਦੇ ਆਪਣੇ ਕਰ ਰੈਵੇਨਿਊ ਦਾ ਅਸਲ ਆਧਾਰ 'ਤੇ 7 ਪ੍ਰਤੀਸ਼ਤ ਹਿੱਸਾ ਸਥਾਨਕ ਨਿਗਮਾਂ ਨੂੰ ਅਲਾਟ ਕੀਤਾ ਜਾਵੇਗਾ। ਗ੍ਰਾਮ ਪੰਚਾਇਤਾਂ ਅਤੇ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਇਸ ਰਾਸ਼ੀ ਦੀ ਵੰਡ ਆਬਾਦੀ ਲਈ 80 ਪ੍ਰਤੀਸ਼ਤ ਅਤੇ ਖੇਤਰਫਲ ਲਈ 20 ਪ੍ਰਤੀਸ਼ਤ ਵੇਟੇਜ ਦੇ ਆਧਾਰ 'ਤੇ ਕੀਤੀ ਜਾਵੇਗੀ। ਇਸ ਲਈ ਹਰ ਸਾਲ 31 ਦਸੰਬਰ ਤੱਕ ਪਰਿਵਾਰ ਪਛਾਣ ਪੱਤਰ ਪੋਰਟਲ 'ਤੇ ਉਪਲਬਧ ਆਬਾਦੀ ਦੇ ਅੰਕੜਿਆਂ ਦੀ ਵਰਤੋਂ ਕੀਤੀ ਜਾਵੇਗੀ।



ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਮਾਮਲੇ ਵਿੱਚ ਵੀ ਹਰ ਸਾਲ 31 ਦਸੰਬਰ ਤੱਕ ਪਰਿਵਾਰ ਪਛਾਣ ਪੱਤਰ ਪੋਰਟਲ 'ਤੇ ਉਪਲਬਧ ਆਬਾਦੀ ਦੇ ਅੰਕੜਿਆਂ ਦੇ ਆਧਾਰ 'ਤੇ ਰਾਸ਼ੀ ਵੰਡੀ ਜਾਵੇਗੀ। ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚਕਾਰ ਰਾਸ਼ੀ ਦੀ ਆਪਸੀ ਵੰਡ ਲੜੀਵਾਰ 75:15:10 ਦੇ ਅਨੁਪਾਤ ਵਿੱਚ ਕੀਤੀ ਜਾਵੇਗੀ। ਪ੍ਰਵਾਨਿਤ ਵਿਵਸਥਾ ਅਨੁਸਾਰ, ਸਥਾਨਕ ਸਰਕਾਰਾਂ ਅਲਾਟ ਕੀਤੀ ਰਾਸ਼ੀ ਦਾ ਵੱਧ ਤੋਂ ਵੱਧ 30 ਪ੍ਰਤੀਸ਼ਤ ਹਿੱਸਾ ਗਲੀਆਂ ਪੱਕੀਆਂ ਕਰਨ 'ਤੇ ਖਰਚ ਕਰ ਸਕਣਗੀ।



ਇਸ ਵਿਵਸਥਾ ਵਿੱਚ ਇਹ ਵੀ ਪ੍ਰਬੰਧ ਕੀਤਾ ਗਿਆ ਹੈ ਕਿ ਸ਼ਹਿਰੀ ਸਥਾਨਕ ਨਿਗਮਾਂ ਦਾ ਅਸਲ ਰੈਵੇਨਿਊ, ਪਿਛਲੇ ਸਾਲ ਦੇ ਆਡਿਟ ਕੀਤੇ ਖਾਤਿਆਂ ਵਿੱਚ ਦਰਸਾਏ ਗਏ ਬਜਟੀ ਰੈਵੇਨਿਊ ਦਾ ਘੱਟੋ-ਘੱਟ 85 ਪ੍ਰਤੀਸ਼ਤ ਹੋਣਾ ਚਾਹੀਦਾ ਹੈ। ਇਸ ਸ਼ਰਤ ਦੀ ਪਾਲਣਾ ਨਾ ਕਰਨ 'ਤੇ ਸਬੰਧਤ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਚਾਲੂ ਸਾਲ ਵਿੱਚ ਰਾਜ ਵਿੱਤ ਕਮਿਸ਼ਨ ਦੀ ਗ੍ਰਾਂਟ ਤਹਿਤ ਸਿਫ਼ਾਰਸ਼ ਕੀਤੇ ਹਿੱਸੇ ਵਿੱਚ 20 ਪ੍ਰਤੀਸ਼ਤ ਦੀ ਕਟੌਤੀ ਦਾ ਸਾਹਮਣਾ ਕਰਨਾ ਪਵੇਗਾ।

## ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ 'ਚ ਬਦਲਾਅ ਪਰਿਵਾਰ ਦੀ ਸਾਲਾਨਾ ਆਮਦਨ ਦੀ ਸੀਮਾ ਵਧਾ ਕੇ 1.80 ਲੱਖ ਕੀਤੀ

ਹਰਿਆਣਾ- 10 ਅਕਤੂਬਰ, 2026
(ਸੰਜੀਵ ਸ਼ਰਮਾ)

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਹੋਈ ਹਰਿਆਣਾ ਕੈਬਿਨਟ ਦੀ ਮੀਟਿੰਗ ਵਿੱਚ 'ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ' ਵਿੱਚ ਅਹਿਮ ਬਦਲਾਅ ਨੂੰ ਮਨਜ਼ੂਰੀ ਦਿੱਤੀ ਗਈ। ਇਹਨਾਂ ਬਦਲਾਅ ਦਾ ਮਕਸਦ ਯੋਜਨਾ ਦਾ ਲਾਭ ਵੱਧ ਤੋਂ ਵੱਧ ਯੋਗ ਮਹਿਲਾਵਾਂ ਤੱਕ ਪਹੁੰਚਾਉਣਾ, ਇਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣਾ ਅਤੇ ਆਰਥਿਕ ਸਹਾਇਤਾ ਪਹੁੰਚਾਉਣ ਦੇ ਸਿਸਟਮ ਨੂੰ ਮਜ਼ਬੂਤ ਕਰਨਾ ਹੈ। ਇਹ ਸੋਧਾਂ 01 ਨਵੰਬਰ, 2026 ਤੋਂ ਪ੍ਰਭਾਵੀ ਹੋਣਗੀਆਂ।





ਇਸ ਯੋਜਨਾ ਦਾ ਮਕਸਦ ਮਹਿਲਾਵਾਂ ਦੀ ਆਰਥਿਕ ਆਤਮ-ਨਿਰਭਰਤਾ ਨੂੰ ਮਜ਼ਬੂਤ ਕਰਕੇ ਅਤੇ ਉਹਨਾਂ ਨੂੰ ਸਮਾਜਿਕ ਸੁਰੱਖਿਆ ਦੇ ਕੇ ਮਹਿਲਾ ਸ਼ਕਤੀਕਰਨ ਨੂੰ ਬੜ੍ਹਾਵਾ ਦੇਣਾ ਹੈ। ਅਜੇ 10 ਲੱਖ ਤੋਂ ਵੱਧ ਮਹਿਲਾਵਾਂ ਇਸ ਪਹਿਲਕਦਮੀ ਦਾ ਲਾਭ ਉਠਾ ਰਹੀਆਂ ਹਨ।

ਕੈਬਿਨਟ ਨੇ ਉਸ ਪ੍ਰਬੰਧ ਨੂੰ ਹਟਾਉਣ ਨੂੰ ਵੀ ਮਨਜ਼ੂਰੀ ਦਿੱਤੀ, ਜਿਸ ਤਹਿਤ ਲਾਭਪਾਤਰੀ ਘੱਟ ਮਹੀਨਾਵਾਰ ਸਹਾਇਤਾ ਰਾਸ਼ੀ ਚੁਣ ਸਕਦੇ ਸਨ। ਇਸ ਬਦਲਾਅ ਨਾਲ ਸਾਰੇ ਯੋਗ ਲਾਭਪਾਤਰੀਆਂ ਨੂੰ 2,100 ਰੁਪਏ ਪ੍ਰਤੀ ਮਹੀਨਾ ਦਾ ਤੈਅ ਲਾਭ ਮਿਲੇਗਾ, ਜਿਸ ਨਾਲ ਭੁਗਤਾਨ ਵਿੱਚ ਇੱਕਸਾਰਤਾ ਆਵੇਗੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆ ਆਸਾਨ ਹੋਵੇਗੀ।




ਯੋਜਨਾ ਦੇ ਭੁਗਤਾਨ ਸਿਸਟਮ ਤਹਿਤ, ਨਵੇਂ ਲਾਭਪਾਤਰੀਆਂ ਲਈ ਪਹਿਲੀ ਕਿਸ਼ਤ ਪੂਰੀ ਤਰ੍ਹਾਂ ਉਹਨਾਂ ਦੇ ਬਚਤ ਬੈਂਕ ਖਾਤਿਆਂ ਵਿੱਚ ਜਮ੍ਹਾਂ ਕੀਤੀ ਜਾਵੇਗੀ। ਦੂਜੇ ਮਹੀਨੇ ਤੋਂ, 1,100 ਰੁਪਏ ਸਿੱਧੇ ਲਾਭਪਾਤਰੀ ਦੇ ਬਚਤ ਖਾਤੇ ਵਿੱਚ ਜਮ੍ਹਾਂ ਕੀਤੇ ਜਾਣਗੇ, ਜਦਕਿ 1,000 ਰੁਪਏ ਯੋਜਨਾ ਦੇ ਪ੍ਰਬੰਧਾਂ ਅਨੁਸਾਰ ਸਰਕਾਰ ਦੁਆਰਾ ਚਲਾਈ ਜਾ ਰਹੀ ਆਵਰਤੀ ਜਮ੍ਹਾਂ ਜਾਂ ਸਾਵਧੀ ਜਮ੍ਹਾਂ ਖਾਤੇ ਵਿੱਚ ਜਮ੍ਹਾਂ ਕੀਤੇ ਜਾਣਗੇ।

ਤਿਮਾਹੀ 'ਲਾਈਵਨੈੱਸ ਵੈਰੀਫਿਕੇਸ਼ਨ' (ਜੀਵੰਤਤਾ ਤਸਦੀਕ): ਲਾਭਪਾਤਰੀਆਂ ਲਈ ਨਿਯਮਾਂ ਦੀ ਪਾਲਣਾ ਆਸਾਨ ਬਣਾਉਣ ਅਤੇ ਨਾਲ ਹੀ ਪ੍ਰਭਾਵਸ਼ਾਲੀ ਪ੍ਰਮਾਣਿਕਤਾ ਬਣਾਏ ਰੱਖਣ ਲਈ, ਕੈਬਿਨਟ ਨੇ 'ਲਾਈਵਨੈੱਸ ਵੈਰੀਫਿਕੇਸ਼ਨ' ਮਹੀਨਾਵਾਰ ਦੀ ਬਜਾਏ ਹਰ ਤਿਮਾਹੀ ਵਿੱਚ ਇੱਕ ਵਾਰ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਆਰਥਿਕ ਸਹਾਇਤਾ ਜਾਰੀ ਰੱਖਣ ਲਈ ਲਾਭਪਾਤਰੀਆਂ ਨੂੰ ਹਰ ਤਿਮਾਹੀ 'ਲਾਡੋ ਲਕਸ਼ਮੀ ਐਪ' ਰਾਹੀਂ ਚਿਹਰੇ ਦੀ ਪ੍ਰਮਾਣਿਕਤਾ ਪੂਰੀ ਕਰਨੀ ਹੋਵੇਗੀ।

## ਲੋੜਵੰਦਾਂ ਦੀ ਸੇਵਾ ਉੱਤਮ ਧਰਮ: ਪੰਡਿਤ ਸਤੀਸ਼ ਕੋਸ਼ਿਕ

10 ਅਕਤੂਬਰ, 2026 (ਸੰਜੀਵ ਸ਼ਰਮਾ)



ਸ਼ਾਰਦੀਆ ਨਵਰਾਤਰੀ ਦਾ ਪਵਿੱਤਰ ਤਿਉਹਾਰ 11 ਅਕਤੂਬਰ ਨੂੰ ਸ਼ੁਰੂ ਹੋਣ ਵਾਲਾ ਹੈ। ਸਨਾਤਨ ਧਰਮ ਵਿੱਚ ਨਵਰਾਤਰੀ ਨੂੰ ਮਾਂ ਸ਼ਕਤੀ ਦੀ ਪੂਜਾ ਦਾ ਇੱਕ ਵਿਸ਼ੇਸ਼ ਤਿਉਹਾਰ ਮੰਨਿਆ ਜਾਂਦਾ ਹੈ। ਇਨ੍ਹਾਂ ਨੌਂ ਦਿਨਾਂ ਦੌਰਾਨ, ਸ਼ਰਧਾਲੂ ਦੇਵੀ ਦੁਰਗਾ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕਰਦੇ ਹਨ ਅਤੇ ਆਪਣੇ ਪਰਿਵਾਰਾਂ ਦੀ ਖੁਸ਼ੀ, ਖੁਸ਼ਹਾਲੀ, ਸਿਹਤ ਅਤੇ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਨ। ਸ਼੍ਰੀਮਦ ਦੇਵੀ ਭਗਵਤੀ ਮਾਂ ਬਾਲਾ ਸੁੰਦਰੀ ਮੰਦਿਰ ਦੇ ਮੁੱਖ ਪੁਜਾਰੀ ਪੰ. ਸਤੀਸ਼ ਕੌਸ਼ਿਕ ਨੇ ਦੱਸਿਆ ਕਿ ਨਵਰਾਤਰੀ ਨਾ ਸਿਰਫ਼ ਧਾਰਮਿਕ ਰਸਮਾਂ ਦਾ ਤਿਉਹਾਰ ਹੈ, ਸਗੋਂ ਸਵੈ-ਸ਼ੁੱਧਤਾ, ਸੰਜਮ ਅਤੇ ਸਕਾਰਾਤਮਕ ਊਰਜਾ ਦਾ ਮੌਕਾ ਵੀ ਹੈ।

ਉਨ੍ਹਾਂ ਕਿਹਾ ਕਿ ਨਵਰਾਤਰੀ ਦੌਰਾਨ ਸ਼ਰਧਾਲੂਆਂ ਨੂੰ ਸ਼ਰਧਾ ਅਤੇ ਸਹੀ ਰਸਮਾਂ ਨਾਲ ਦੇਵੀ ਭਗਵਤੀ ਦੀ ਪੂਜਾ ਕਰਨੀ ਚਾਹੀਦੀ ਹੈ। ਸਵੇਰੇ ਇਸ਼ਨਾਨ ਕਰਨ ਅਤੇ ਘਰ ਅਤੇ ਪੂਜਾ ਸਥਾਨ ਦੀ ਸਫਾਈ ਕਰਨ ਤੋਂ ਬਾਅਦ, ਦੇਵੀ ਦੀ ਪੂਜਾ, ਦੀਵੇ ਜਗਾਉਣ ਅਤੇ ਮੰਤਰਾਂ ਦਾ ਜਾਪ ਕਰਨਾ ਵਿਸ਼ੇਸ਼ ਤੌਰ 'ਤੇ ਫਲਦਾਇਕ ਮੰਨਿਆ ਜਾਂਦਾ ਹੈ।

## ਹਰਿਆਣਾ ਵਿੱਚ ਮੀਡੀਆ ਕਰਮਚਾਰੀਆਂ ਲਈ ਆਰਥਿਕ ਸਹਾਇਤਾ ਦੁੱਗਣੀ-ਮੁੱਖ ਮੰਤਰੀ ਨਾਇਬ ਸਿੰਘ ਸੈਣੀ

### ਕੈਬਿਨਟ ਨੇ ਢਾਈ ਲੱਖ ਤੋਂ ਵਧਾ ਕੇ 5 ਲੱਖ ਰੁਪਏ ਕਰਨ ਨੂੰ ਦਿੱਤੀ ਮਨਜ਼ੂਰੀ



ਹਰਿਆਣਾ- 10 ਅਕਤੂਬਰ, 2026
(ਸ਼ਹੀਦ-ਏ-ਆਜ਼ਮ ਬਿਓਰੋ)

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਹੋਈ ਹਰਿਆਣਾ ਕੈਬਿਨਟ ਦੀ ਮੀਟਿੰਗ ਵਿੱਚ 'ਹਰਿਆਣਾ ਮੀਡੀਆ ਪਰਸਨਲ ਵੈਲਫੇਅਰ ਫੰਡ ਐਡਮਿਨਿਸਟ੍ਰੇਸ਼ਨ ਸਕੀਮ' ਵਿੱਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ। ਇਸ ਦੇ ਤਹਿਤ ਯੋਗ ਮੀਡੀਆ ਕਰਮਚਾਰੀਆਂ ਲਈ ਆਰਥਿਕ ਸਹਾਇਤਾ ਦੀ ਵੱਧ ਤੋਂ ਵੱਧ ਸੀਮਾ ਨੂੰ ਹਰੇਕ ਮਾਮਲੇ ਵਿੱਚ 2.50 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤਾ ਗਿਆ ਹੈ।

ਖ਼ਾਸ ਗੱਲ ਇਹ ਹੈ ਕਿ ਕੈਬਿਨਟ ਨੇ ਇਹ ਫ਼ੈਸਲਾ ਮੁੱਖ ਮੰਤਰੀ ਦੁਆਰਾ 2 ਮਾਰਚ, 2026 ਨੂੰ ਹਰਿਆਣਾ ਵਿਧਾਨ ਸਭਾ ਵਿੱਚ ਸਾਲ 2026-27 ਦੇ ਬਜਟ ਭਾਸ਼ਣ ਦੌਰਾਨ ਕੀਤੇ ਐਲਾਨ ਅਨੁਸਾਰ ਲਿਆ ਹੈ। ਬਜਟ ਭਾਸ਼ਣ ਦੌਰਾਨ, ਮੁੱਖ ਮੰਤਰੀ ਨੇ ਐਮਰਜੈਂਸੀ ਸਥਿਤੀ ਵਿੱਚ ਮੀਡੀਆ ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਦੀ ਵੱਧ ਤੋਂ ਵੱਧ ਸੀਮਾ ਨੂੰ 2.50 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਸੀ।

ਇਸ ਫ਼ੈਸਲੇ ਨਾਲ ਬੀਮਾਰੀ, ਮੌਤ, ਹਾਦਸੇ ਜਾਂ ਹੋਰ ਐਮਰਜੈਂਸੀ ਸਥਿਤੀਆਂ ਕਾਰਨ ਗੰਭੀਰ ਲੋੜ ਪੈਣ 'ਤੇ ਯੋਗ ਮੀਡੀਆ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਜਾਂ ਕਾਨੂੰਨੀ ਵਾਰਸਾਂ ਨੂੰ ਵਧੀ ਹੋਈ ਆਰਥਿਕ ਸਹਾਇਤਾ ਮਿਲੇਗੀ।

## ਪੀਐਮ ਮੋਦੀ ਦੇ ਜਨ-ਸੇਵਾ ਦੇ 25 ਸਾਲ ਪੂਰੇ ਹੋਣ 'ਤੇ ਹਰਿਆਣਾ ਮੰਤਰੀ ਮੰਡਲ ਵਿੱਚ ਕੀਤਾ ਮਤਾ ਪਾਸ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਪਰਾਲੀ ਨਾ ਸੜਨ ਦੀ ਅਪੀਲ ਕੀਤੀ

ਚੰਡੀਗੜ੍ਹ, 10 ਅਕਤੂਬਰ - ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹਰਿਆਣਾ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸਰਕਾਰ ਦੇ ਮੁਖੀ ਵਜੋਂ ਜਨ-ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ ਵਿੱਚ ਧੰਨਵਾਦ ਮਤਾ ਪਾਸ ਕੀਤਾ ਗਿਆ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ




ਪਹਿਲਾਂ ਹੇਠਾਂ ਤੋਂ ਨੰਬਰ ਇੱਕ ਹੁੰਦਾ ਸੀ, ਪ੍ਰਧਾਨ ਮੰਤਰੀ ਜੀ ਦੀ ਵਿਜ਼ਨਰੀ ਸੋਚ ਅਤੇ ਭਲਾਈਕਾਰੀ ਨੀਤੀਆਂ ਦੀ ਬਦੌਲਤ ਹੁਣ ਉੱਪਰੋਂ ਨੰਬਰ ਇੱਕ 'ਤੇ ਹੈ। ਪ੍ਰਧਾਨ ਮੰਤਰੀ ਦੀ ਸੰਕਲਪ ਯਾਤਰਾ ਦੌਰਾਨ ਹਰੇਕ ਵਿਅਕਤੀ ਨੂੰ ਲਾਭ, ਗਰੀਬ ਵਿਅਕਤੀ ਨੂੰ ਮਜ਼ਬੂਤ ਬਣਾਉਣ ਅਤੇ ਸਰਲ ਤੇ ਸੁਖਾਲੇ ਜੀਵਨ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 55 ਸਾਲ ਰਾਜ ਕੀਤਾ ਅਤੇ ਮੋਦੀ ਜੀ ਨੇ 12 ਸਾਲਾਂ ਵਿੱਚ ਵਿਕਸਤ ਭਾਰਤ ਦਾ ਵਿਜ਼ਨ ਤਿਆਰ ਕੀਤਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੇ ਸੀਜ਼ਨ ਦੌਰਾਨ ਉਹ ਪਰਾਲੀ ਨੂੰ ਨਾ ਸਾੜਨ। ਪਰਾਲੀ ਨਾਲ ਵਾਤਾਵਰਨ ਦੂਸ਼ਿਤ ਹੁੰਦਾ ਹੈ। ਸਰਕਾਰ ਨੇ ਪਰਾਲੀ ਪ੍ਰਬੰਧਨ ਦੀ ਵਿਵਸਥਾ ਕੀਤੀ ਹੈ। ਕਿਸਾਨਾਂ ਨੂੰ ਉਸ ਦਾ ਲਾਭ ਉਠਾਉਣਾ ਚਾਹੀਦਾ ਹੈ।

## ਸ਼੍ਰੀ ਰਾਮ ਭਾਰਤੀ ਕਲਾ ਕੇਂਦਰ ਦੀ ਰਾਮਲੀਲਾ ਅੱਜ ਇੱਕ ਸ਼ਾਨਦਾਰ ਪ੍ਰਦਰਸ਼ਨ ਨਾਲ ਸ਼ੁਰੂ ਹੋਵੇਗੀ

➢ ਦੋ ਮਹੀਨਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ, ਕਲਾਕਾਰਾਂ ਨੇ ਆਪਣੀਆਂ ਅੰਤਿਮ ਰਿਹਰਸਲਾਂ ਪੂਰੀਆਂ ਕਰ ਲਈਆਂ ਹਨ; ਭਗਵਾਨ ਸ਼੍ਰੀ ਰਾਮ ਦਾ ਜਨਮ 10 ਅਕਤੂਬਰ ਨੂੰ ਮੰਚਿਤ ਕੀਤਾ ਜਾਵੇਗਾ

ਨਰਵਾਣਾ, 10 ਅਕਤੂਬਰ (ਸੰਜੀਵ ਸ਼ਰਮਾ) ਸ਼੍ਰੀ ਰਾਮ ਭਾਰਤੀ ਕਲਾ ਕੇਂਦਰ ਵੱਲੋਂ ਸ਼ਹਿਰ ਦੇ ਪੁਰਾਣੇ ਅਨਾਜ ਲੋਹਾ ਬਾਜ਼ਾਰ ਵਿੱਚ ਮੰਚਿਤ ਕੀਤੀ ਜਾਣ ਵਾਲੀ ਰਾਮਲੀਲਾ ਦੀਆਂ ਤਿਆਰੀਆਂ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਗਈਆਂ ਹਨ। ਕਲਾਕਾਰਾਂ ਨੇ ਬੁੱਧਵਾਰ ਅਤੇ ਵੀਰਵਾਰ ਰਾਤ ਨੂੰ ਵੱਖ-ਵੱਖ ਦ੍ਰਿਸ਼ਾਂ ਦੀ ਅੰਤਿਮ ਰਿਹਰਸਲ ਕਰਕੇ ਆਪਣੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ। ਰਾਮਲੀਲਾ ਅੱਜ, 9 ਅਕਤੂਬਰ ਨੂੰ, ਸ਼ਰਵਣ ਕੁਮਾਰ ਦੇ ਨਾਟਕ ਨਾਲ ਸ਼ੁਰੂ ਹੋਵੇਗੀ, ਜੋ ਮਾਪਿਆਂ ਪ੍ਰਤੀ ਸ਼ਰਧਾ ਅਤੇ ਬਲੀਦਾਨ ਦੀ ਪ੍ਰੇਰਨਾਦਾਇਕ ਕਹਾਣੀ ਹੈ। ਇਸ ਵਾਰ, ਤਜਰਬੇਕਾਰ ਅਤੇ ਨਵੇਂ ਕਲਾਕਾਰਾਂ ਦਾ ਸੁਮੇਲ ਦਰਸ਼ਕਾਂ ਲਈ ਇੱਕ ਮੁੱਖ ਆਕਰਸ਼ਣ ਹੋਵੇਗਾ। ਅੰਤਿਮ ਰਿਹਰਸਲਾਂ ਦੌਰਾਨ, ਰਾਜਾ ਦਸ਼ਰਥ, ਪੰਚਵਤੀ, ਭਗਵਾਨ ਸ਼੍ਰੀ ਰਾਮ ਦੇ ਜਨਮ ਅਤੇ ਸ਼ੂਰਪਨਖਾ ਨਾਲ ਸਬੰਧਤ ਦ੍ਰਿਸ਼ਾਂ ਦੀ ਰਿਹਰਸਲ ਕੀਤੀ ਗਈ। ਇਸ ਦੇ ਨਾਲ ਹੀ, ਰਾਮਲੀਲਾ ਵਿੱਚ ਪੇਸ਼ ਕੀਤੇ ਗਏ ਧਾਰਮਿਕ ਗੀਤਾਂ ਨੂੰ ਵੀ ਸੰਗੀਤਕ ਸ਼ੈਲੀ ਵਿੱਚ ਤਿਆਰ ਕੀਤਾ ਗਿਆ ਹੈ ਤਾਂ ਜੋ ਦਰਸ਼ਕ ਪ੍ਰਦਰਸ਼ਨ ਦੌਰਾਨ ਧਾਰਮਿਕ ਅਤੇ ਸੱਭਿਆਚਾਰਕ ਮਾਹੌਲ ਦਾ ਅਨੁਭਵ ਕਰ ਸਕਣ। ਰਾਮਲੀਲਾ ਦੇ ਪਹਿਲੇ ਦਿਨ, ਸ਼੍ਰਵਣ ਕੁਮਾਰ ਦੀ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਸਟੇਜ 'ਤੇ ਪੇਸ਼ ਕੀਤੀ ਜਾਵੇਗੀ। ਇਸ ਵਿੱਚ ਦਿਖਾਇਆ ਜਾਵੇਗਾ ਕਿ ਕਿਵੇਂ ਸ਼੍ਰਵਣ ਕੁਮਾਰ ਆਪਣੇ ਅੰਨ੍ਹੇ ਮਾਪਿਆਂ ਨੂੰ ਕੰਵਰ ਵਿੱਚ ਬਿਠਾ ਕੇ ਤੀਰਥ ਯਾਤਰਾ 'ਤੇ ਲੈ ਜਾਂਦਾ ਹੈ। ਯਾਤਰਾ ਦੌਰਾਨ, ਜਦੋਂ ਉਸਦੇ ਮਾਪਿਆਂ ਨੂੰ ਪਿਆਸ




ਲੱਗਦੀ ਹੈ, ਤਾਂ ਉਹ ਪਾਣੀ ਲੈਣ ਲਈ ਨੇੜੇ ਦੀ ਇੱਕ ਨਹਿਰ 'ਤੇ ਜਾਂਦੇ ਹਨ। ਇਸ ਦੌਰਾਨ, ਰਾਜਾ ਦਸ਼ਰਥ ਸ਼ਿਕਾਰ ਕਰ ਰਿਹਾ ਹੁੰਦਾ ਹੈ। ਪਾਣੀ ਦੀ ਆਵਾਜ਼ ਸੁਣ ਕੇ, ਉਹ ਗਲਤ ਸਮਝਦਾ ਹੈ ਕਿ ਕੋਈ ਜਾਨਵਰ ਪਾਣੀ ਪੀ ਰਿਹਾ ਹੈ ਅਤੇ ਇੱਕ ਸ਼ਬਦ-ਵਿੰਨ੍ਹਣ ਵਾਲਾ ਤੀਰ ਚਲਾਉਂਦਾ ਹੈ। ਤੀਰ ਸ਼੍ਰਵਣ ਕੁਮਾਰ ਨੂੰ ਲੱਗ ਜਾਂਦਾ ਹੈ ਅਤੇ ਉਹ ਆਪਣੀ ਜਾਨ ਦੇ ਦਿੰਦਾ ਹੈ। ਇਹ ਦਿਲ ਨੂੰ ਛੂਹ ਲੈਣ ਵਾਲਾ ਐਪੀਸੋਡ ਆਪਣੇ ਮਾਪਿਆਂ ਪ੍ਰਤੀ ਭਗਤੀ, ਸੇਵਾ ਅਤੇ ਸਮਰਪਣ ਦਾ ਸੁਨੇਹਾ ਦੇਵੇਗਾ। ਨਾਟਕ ਵਿੱਚ, ਪੰਡਿਤ ਮੇਹਰ ਚੰਦ ਪੁਜਾਰੀ ਰਾਜਾ ਦਸ਼ਰਥ ਦੀ ਭੂਮਿਕਾ ਨਿਭਾਉਣਗੇ, ਸਚਿਨ ਸ਼ਰਮਾ ਸ਼੍ਰਵਣ ਕੁਮਾਰ ਦੀ ਭੂਮਿਕਾ ਨਿਭਾਉਣਗੇ, ਪ੍ਰੇਮ ਅਰੋੜਾ ਪਿਤਾ ਦੀ ਭੂਮਿਕਾ ਨਿਭਾਉਣਗੇ, ਅਤੇ ਸੰਦੀਪ ਜਾਖੜ ਮਾਂ ਦੀ ਭੂਮਿਕਾ ਨਿਭਾਉਣਗੇ। ਕਲਾ ਕੇਂਦਰ ਦੇ ਮੁਖੀ ਭਾਰਤ ਭੂਸ਼ਣ ਗਰਗ ਨੇ ਦੱਸਿਆ ਕਿ ਕਲਾਕਾਰ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਰਿਹਰਸਲ ਕਰ ਰਹੇ ਹਨ ਤਾਂ ਜੋ ਬਿਹਤਰ ਰਾਮਲੀਲਾ ਪ੍ਰਦਰਸ਼ਨ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਹਰ ਦ੍ਰਿਸ਼ ਦਰਸ਼ਕਾਂ ਲਈ ਜੀਵੰਤ ਅਤੇ ਪ੍ਰਭਾਵਸ਼ਾਲੀ ਹੋਵੇ। ਇਸ ਵਾਰ ਤਜਰਬੇਕਾਰ ਕਲਾਕਾਰਾਂ ਦੇ ਨਾਲ-ਨਾਲ ਕੁਝ ਨਵੇਂ ਕਲਾਕਾਰਾਂ ਨੂੰ ਵੀ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ ਗਿਆ ਹੈ।

ਇਸ ਮੌਕੇ ਪ੍ਰਿੰਸੀਪਲ ਭਾਰਤ ਭੂਸ਼ਣ ਗਰਗ, ਸਰਪ੍ਰਸਤ ਸੁਸ਼ੀਲ ਕੁਮਾਰ ਐਡਵੋਕੇਟ, ਹੰਸਰਾਜ ਸਮੈਣ, ਮਨਜੀਤ ਗੌਰਾ, ਵੇਦ ਅਰੋੜਾ, ਪ੍ਰੇਮ ਅਰੋੜਾ, ਸਤਿਆਵਾਨ ਗੋਸਵਾਮੀ, ਅਰਜੁਨ ਗੋਇਲ, ਅਸ਼ੀਸ਼ ਸਾਨਿਆਲ, ਸੁਮਿਤ ਮਿੱਤਲ, ਡੀ.ਪੀ.ਰਾਇਕਾ, ਸ਼ੋਬਰਾਜ ਬਾਗੜੀ, ਨਿਖਿਲ ਗਰਗ ਅਤੇ ਮੀਡੀਆ ਇੰਚਾਰਜ ਹਿਮ ਗਰਗ ਸਮੇਤ ਕਈ ਪਤਵੰਤੇ ਹਾਜ਼ਰ ਸਨ।




